ੴ ਸਤਿਗੁਰ ਪ੍ਰਸਾਦਿ ॥

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਅਤੇ ਸਿੱਖ ਭਲਾ ਸਰਬੱਤ ਦਾ ਲੋਚੇ

# ਵਿਸ਼ਵ ਸਿੱਖ ਬੁਲੇਟਿਨ

*Vishav Sikh Bulletin*

**ਜੂਨ 2004** | **ਹਾੜ 536 ਨਾਨਕਸ਼ਾਹੀ** | **ਚੰਡੀਗੜ੍ਹ** | **ਸਾਲ-1 ਅੰਕ-6**

## ਇਸ ਅੰਕ ਵਿੱਚ


1. **ਸੰਪਾਦਕੀ** ........................... 1
2. **ਭਿੰਡਰਾਂ ਵਾਲਾ ਸੰਤ ਸਿਪਾਹੀ** ...................... *ਹਰਬੰਸ ਸਿੰਘ ਤੇਗ* 4
3. **'ਸਪੋਕਸਮੈਨ' ਦੇ ਮਤਿਆਂ 'ਤੇ ਟਿੱਪਣੀਆਂ** ..................... 4
4. **ਪੀਊ ਦਾਦੇ ਦੇ ਕੀਮਤੀ ਖਜ਼ਾਨੇ ਨੂੰ ਵੇਖੋ-ਵਿਚਾਰੋ** ...... *ਗੁਰਚਰਨ ਸਿੰਘ* 8
5. **ਪਾਠ ਬਨਾਮ ਮਨਮਤਿ** ............ *ਨਿਸ਼ਾਨ ਸਿੰਘ ਗੰਡੀਵਿੰਡ* 12
6. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ** ...... *ਜਸਵੰਤ ਸਿੰਘ ਬਠਿੰਡਾ* 15
7. **"ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ"** .... *ਇੰਜ. ਜਗਤਾਰ ਸਿੰਘ* 17
8. **ਕਿਛੁ ਸੁਣੀਐ ਕਿਛੁ ਕਹੀਐ** ................. 19
9. **ਸਮਕਾਲੀ ਸੰਦਰਭ** .................. 22
10. **ਗੁਰਦੁਆਰਾ ਚੋਣਾਂ: ਸਿੱਖ ਕੀ ਕਰਨ ?** ... *ਸ਼੍ਰੋਮਣੀ ਖ਼ਾਲਸਾ ਪੰਚਾਇਤ* 27


**ਸੰਪਾਦਕ:**
ਗੁਰਤੇਜ ਸਿੰਘ
**ਸੰਪਾਦਕੀ ਸਲਾਹਕਾਰ:**
ਹਰਦੇਵ ਸਿੰਘ ਸ਼ੇਰਗਿੱਲ
ਗੁਰਪਾਲ ਸਿੰਘ ਖਹਿਰਾ
ਹਰਸ਼ਿੰਦਰ ਸਿੰਘ
**ਸਹਿਯੋਗੀ (ਪ੍ਰੋਡਕਸ਼ਨ):**
ਗੁਰਚਰਨ ਸਿੰਘ

**ਮੁੱਲ -5 ਰੁਪਏ; ਸਾਲਾਨਾ ਚੰਦਾ 60 ਰੁਪਏ**
**ਚੰਦਾ ਕੇਵਲ ਮਨੀ ਆਰਡਰ ਜਾਂ ਬੈਂਕ ਡਰਾਫਟ ਰਾਹੀਂ 'Vishav Sikh Bulletin' ਦੇ ਨਾਂ 'ਤੇ ਹੀ ਭੇਜਿਆ ਜਾਵੇ ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ।**

*ਸੰਪਰਕ, ਟਿੱਪਣੀਆਂ ਅਤੇ ਸੁਝਾਅ ਲਈ ਪਤਾ:*
742, ਸੈਕਟਰ 8-ਬੀ, ਚੰਡੀਗੜ੍ਹ – 160 009.
ਫੋਨ: *0172-3091414*
***E-Mail:*** akalsahaigurtejsingh@yahoo.com
**Also available at Website:www.sikhbulletin.com**

ਬੁਲੇਟਿਨ ਵਿੱਚ ਛਪੇ ਵਿਚਾਰ ਸਬੰਧਤ ਲੇਖਕਾਂ ਦੇ ਆਪਣੇ ਹਨ। ਸੰਪਾਦਕ ਦਾ ਇਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

<u>ਸੰਪਾਦਕੀ</u>:

## ਸਿੱਖ-ਮਾਰੂ ਸਿਆਸਤ ਦੇ ਦੋ ਦਹਾਕੇ: ਦੇਸ਼-ਵਿਆਪੀ ਪ੍ਰਭਾਵ, ਸਿੱਖਾਂ ਦੀ ਦਸ਼ਾ ਤੇ ਭਵਿੱਖ ਦੀ ਵੰਗਾਰ

ਇਰਾਕ ਵਿੱਚ ਅਮਰੀਕੀਆਂ ਵੱਲੋਂ ਜੰਗੀ ਕੈਦੀਆਂ ਉੱਤੇ ਕੀਤੇ ਭਿਆਨਕ ਜ਼ੁਲਮਾਂ ਦੀਆਂ ਤਸਵੀਰਾਂ ਦਿਲ–ਕੰਬਾਊ ਸਨ। ਸ਼ਕਤੀ ਦੇ ਨਸ਼ੇ ਵਿੱਚ ਗੜੂੱਚ, ਸੈਕੂਲਰਇਜ਼ਮ ਦੇ ਦੈਂਤ ਨੂੰ ਦਿਲ ਵੇਚ ਚੁੱਕੇ ਖ਼ਰੂਦੀ ਮੁੰਡੇ–ਕੁੜੀਆਂ ਜਦੋਂ ਵਹਿਸ਼ਤ ਉੱਤੇ ਉਤਰਦੇ ਹਨ ਤਾਂ ਵੱਡੇ–ਵੱਡੇ ਹੈਵਾਨਾਂ ਨੂੰ ਹੈਰਾਨ ਕਰਨ ਵਾਲੀਆਂ ਕਾਰਵਾਈਆਂ ਕਰਦੇ ਹਨ। ਧਰਮ ਨੂੰ ਤਿਲਾਂਜਲੀ ਦੇਣ ਉਪਰੰਤ ਮਨੁੱਖੀ ਕਦਰਾਂ–ਕੀਮਤਾਂ, ਅਧਿਕਾਰਾਂ ਦਾ ਕੁਈ ਮੁੱਲ ਨਹੀਂ ਰਹਿੰਦਾ। ਧਰਮ ਹੀ ਇੱਕ ਓਹਲਾ ਹੈ ਜਿਹੜਾ ਮਨੁੱਖ ਅੰਦਰ ਉੱਸਲਵੱਟੇ ਲੈਂਦੀ ਹੈਵਾਨੀਅਤ ਨੂੰ ਢੱਕ ਕੇ ਰੱਖਦਾ ਹੈ: "**ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥**"

ਦੁਨੀਆਂ ਵਿੱਚ ਅਮਰੀਕੀ ਫ਼ੌਜੀਆਂ ਦੀ ਨੀਚਤਾ ਦੀ ਰੱਜ ਕੇ ਨਿੰਦਾ ਹੋਈ ਅਤੇ ਹੋਣੀ ਵੀ ਚਾਹੀਦੀ ਸੀ। ਅਮਰੀਕਾ ਦੇ ਮੂੰਹ ਉੱਤੇ ਪਾਇਆ ਸੱਭਿਅਤਾ ਦਾ ਮਖੌਟਾ ਚੰਗਾ ਲੱਥਾ। ਹਿੰਦੋਸਤਾਨ ਵਿੱਚ ਵੀ ਨਿੰਦਾ ਹੋਈ ਪਰ ਇਹ ਰਸਮੀ ਨਿੰਦਾ ਸੀ। ਜੇ ਸੱਚੀ ਹੁੰਦੀ ਤਾਂ ਸਿੱਖ ਪੱਤਰਕਾਰ ਜਾਂ 'ਸਿੱਖ ਬੁੱਧੀਜੀਵੀ–ਪੱਤਰਕਾਰ' ਤਾਂ ਸਿੱਖਾਂ ਨਾਲ ਵਾਪਰੀਆਂ ਇਹਨਾਂ ਤੋਂ ਵੀ ਵੱਧ ਸ਼ਰਮਨਾਕ ਘਟਨਾਵਾਂ ਨੂੰ ਘੱਟੋ–ਘੱਟ ਚੇਤੇ ਤਾਂ ਕਰਦੇ! ਸਦੀਆਂ ਤੋਂ ਮੁਲਕ ਉੱਤੇ ਪਰੋਪਕਾਰ ਕਰਦੇ ਆ ਰਹੇ ਸਿੱਖਾਂ ਨੂੰ ਏਨੀਂ ਦਰਿੰਦਗੀ ਨਾਲ ਤਾਂ ਨਾ ਮੁਗ਼ਲਾਂ ਕੋਹਿਆ ਸੀ, ਨਾ ਅਬਦਾਲੀ ਨੇ ਤੇ ਨਾ ਅੰਗ੍ਰੇਜ਼ਾਂ ਨੇ। ਕੈਸਾ ਅਜਬ ਤਮਾਸ਼ਾ ਹੈ ਕਿ ਇਰਾਕੀਆਂ ਦਾ ਕੋਹਿਆ ਜਾਣਾਂ ਤਾਂ ਹਿੰਦੀ ਆਤਮਾ ਨੂੰ ਤੜਪਾ ਜਾਂਦਾ ਹੈ ਪਰ ਸਿੱਖਾਂ ਉੱਤੇ ਪਿਛਲੇ ਢਾਈ ਦਹਾਕਿਆਂ ਵਿੱਚ ਕੀਤੇ ਕਸਾਈਪੁਣੇ ਦੇ ਚਰਮ–ਸੀਮਾ ਛੂੰਹਦੇ ਜ਼ੁਲਮਾਂ ਨੂੰ ਓਸੇ ਹਿੰਦ ਦੀ ਆਤਮਾ ਸ਼ੀਰੇ-ਮਾਦਰ ਸਮਝ ਕੇ ਪੀ ਜਾਂਦੀ ਹੈ। ਛੱਜ ਬੋਲੇ ਤਾਂ ਬੋਲੇ, ਉਹ ਛਾਣਨੀ ਕੀ ਬੋਲੇ ਜੋ ਅਵਤਾਰ ਸਿੰਘ ਛਤਰਾਣਾ ਦੀ ਪੋਟਾ–ਪੋਟਾ ਵਿੰਨ੍ਹੀ ਤਸਵੀਰ ਵੇਖ ਕੇ ਵੀ ਸ਼ਾਂਤ ਚਿੱਤ ਹੈ ਜਾਂ ਸੰਤ ਬਾਬਾ ਜਰਨੈਲ ਸਿੰਘ ਦੀ ਹਰ ਪਾਸਿਓਂ ਵਿੰਨ੍ਹੀ ਦੇਹ ਦੀਆਂ ਨੁਮਾਇਸ਼ਾਂ ਲਾ ਕੇ ਖ਼ਾਸ ਕਿਸਮ ਦੇ ਛੋਕਰਿਆਂ ਨੂੰ ਖੁਸ਼ ਕਰਦੀ ਰਹੀ ਹੈ।

ਸਿੱਖਾਂ ਉੱਤੇ ਜ਼ੁਲਮ ਕਰ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਕੇ ਕੌਂਗਰਸ ਪਾਰਟੀ ਨੇ ਜੋ ਹਿੰਦੀ ਮਾਨਸਿਕਤਾ ਸਿਰਜੀ ਸੀ, ਓਸ ਦੇ ਨਤੀਜੇ

ਆਉਣੇ ਸ਼ੁਰੂ ਹੋ ਗਏ ਹਨ। ਵਹਿਸ਼ਤ ਕਦੇ ਸੀਮਤ ਨਹੀਂ ਰਹਿੰਦੀ। ਜੇ ਇਕੱਲੇ ਫਰਾਂਸ ਦੀ ਕ੍ਰਾਂਤੀ ਦੇ ਇਤਿਹਾਸ ਨੂੰ ਪੜ੍ਹੀਏ ਤਾਂ ਜਾਣਾਂਗੇ ਕਿ ਲੂਈ ਸੋਲ੍ਹਵਾਂ ਅਤੇ ਓਸ ਦੀ ਮਾਸੂਮ ਘਰਵਾਲੀ ਨੂੰ ਗਿਲੋਟੀਨ ਕਰਨ ਵਾਲੇ ਸਾਰੇ ਨੇਤਾ ਓਸੇ ਰਾਹ ਗਏ ਸਨ। ਮਨੁੱਖਤਾ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਨੂੰ ਗੋਲ਼ੀਆਂ ਨਾਲ ਛਾਣਨੀ ਕਰਨ ਵਾਲੀ ਬੀਬੀ ਇੰਦਰਾ ਨੇ ਵੀ ਓਹੀ ਕੁਝ ਹੰਢਾਇਆ ਅਤੇ ਓਸ ਦੇ ਪੁੱਤਰ ਨੇ ਵੀ। ਹਿੰਦ ਦੀ ਉਤੇਜਤ ਮਾਨਸਿਕਤਾ, ਜੋ ਓਸ ਵੇਲੇ ਬੀਬੀ ਨੂੰ 'ਮਹਿਸ਼ਾਸੁਰ ਮਰਦਨੀ ਮਹਾਂ ਮਾਈ ਦੁਰਗਾ' ਆਖ ਕੇ ਵਡਿਆਉਂਦੀ ਸੀ ਅਤੇ ਜਿਸ ਨੇ ਓਸ ਦੇ ਪੁੱਤਰ ਰਾਜੀਵ ਨੂੰ 'ਚੜ੍ਹ ਜਾ ਬੇਟਾ ਸੂਲੀ ਰਾਮ ਭਲੀ ਕਰੇਗਾ' ਆਖ ਕੇ ਹੱਲਾਸ਼ੇਰੀ ਦਿੱਤੀ ਸੀ, ਅੱਜ ਓਸ ਨੂੰ ਬੂਰ ਪਿਆ ਹੈ ਅਤੇ ਉਹ ਹੁਣ ਓਸੇ ਇੰਦਰਾ-ਰਾਜੀਵ ਦੇ ਪਰਵਾਰ ਨੂੰ ਕੱਚਾ ਚੱਬ ਜਾਣ ਲਈ ਤਿਆਰੇ ਕੱਸੀ ਬੈਠੀ ਹੈ। ਸੁਸ਼ਮਾ ਸਵਰਾਜ ਅਤੇ ਹੋਰ ਸੰਨਿਆਸਣਾਂ ਹੁਣ ਰਾਜੀਵ ਗਾਂਧੀ ਦੀ ਪਤਨੀ ਨੂੰ ਛਕਣ ਲਈ ਕਾਂਟੇ-ਛੁਰੀਆਂ ਅਤੇ ਤ੍ਰਿਸ਼ੂਲ ਸਿੰਨ੍ਹੀ ਬੈਠੀਆਂ ਹਨ। ਲੋਕਾਂ ਦੀ ਚੁਣੀ ਹੋਈ ਬੀਬੀ ਸੋਨੀਆ ਨੂੰ ਪ੍ਰਧਾਨ ਮੰਤਰੀ ਬਣਾਉਣ ਵਾਲਿਆਂ ਦੇ ਖ਼ੂਨ ਦੀ ਹੋਲੀ ਖੇਡਣ ਦੀ ਮੁਕੰਮਲ ਤਿਆਰੀ ਕਰ ਕੇ ਬੈਠੀਆਂ ਗਿਰਝਾਂ ਕੀ ਭਲਾ ਗੁਜ਼ਾਰਨਗੀਆਂ ?

ਜਿਹੜੀ ਧਰਤੀ ਬਿਨਾ 'ਸੀ' ਕੀਤਿਆਂ ਸਿੱਖਾਂ ਦਾ ਮਣਾਂਮੂੰਹੀਂ ਖ਼ੂਨ ਪੀ ਚੁੱਕੀ ਹੈ, ਕੀ ਉਹ ਏਨੇਂ ਕੁ ਨਾਲ ਸਾਰ ਲਵੇਗੀ ? ਸੱਚੇ ਪਾਤਸ਼ਾਹ ਦਾ ਫੁਰਮਾਨ ਹੈ "**ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥**" ਪਹਿਲਾ ਵਾਰ ਤਾਂ ਖਾਲੀ ਗਿਆ, ਭਲ਼ੀ ਹੋਈ। ਪਰ ਬੱਕਰੇ ਦੀ ਮਾਂ ਕਦੋਂ ਤਾਈਂ ਖ਼ੈਰ ਮਨਾਏਗੀ ? ਸਿੱਖਾਂ ਦਾ ਲਹੂ ਪੀ ਕੇ ਮਸਤ ਹੋਈਆਂ ਆਦਮ-ਬੋ, ਆਦਮ-ਬੋ ਪੁਕਾਰ ਕੇ ਅੰਬਰਾਂ ਵਿੱਚ ਕਿਲਕਾਰੀਆਂ ਮਾਰਦੀਆਂ ਇਹ ਖਲ਼ਜੋਗਣਾਂ ਹੁਣ ਸੌਖੀ ਕੀਤਿਆਂ ਸ਼ਾਂਤ ਨਹੀਂ ਹੋਣਗੀਆਂ। ਅਗਲੀ ਹੋਲੀ ਸੁੱਖੀ-ਸਾਂਦੀ ਬੀਤ ਜਾਵੇ ਤੇ ਓਸ ਤੋਂ ਅਗਲੀ ਵੀ, ਇਹੋ ਅਰਦਾਸਾਂ ਕਰਨੀਆਂ ਬਣਦੀਆਂ ਹਨ।

ਪਰ ਜਿਨ੍ਹਾਂ ਨੇ ਅਰਦਾਸਾਂ ਕਰਨੀਆਂ ਸਨ ਓਹ ਤਾਂ ਉਲਾਰ ਹੋਏ ਪਏ ਹਨ। ਮੱਥਾ ਟੇਕਣ ਕੁਈ ਆਇਆ ਨਹੀਂ, ਉਹ ਤਾਂ ਹੱਥਾਂ ਵਿੱਚ ਸਿਰੋਪੇ ਲੈ ਕੇ ਪਹਿਲਾਂ ਹੀ ਸੜਕ ਉੱਤੇ ਖੜ੍ਹੇ ਹਨ। ਮਾੜੀ-ਮੋਟੀ ਰਹਿਤ-ਬਹਿਤ ਦੀ ਕਮਜ਼ੋਰੀ ਲਈ ਲੋਕਾਂ ਨੂੰ ਦੰਡਿਤ ਕਰਦੇ, ਆਪਣੇ ਤੋਂ ਵੱਖਰੇ ਤੌਰ-ਤਰੀਕਿਆਂ ਵਾਲਿਆਂ ਨੂੰ ਪੰਥ ਵਿੱਚੋਂ ਛੇਕਦੇ 'ਸਿੰਘ ਸਾਹਿਬ' ਦੀਆਂ ਵਾਛਾਂ ਖਿੜੀਆਂ ਹੋਈਆਂ ਹਨ। ਅਮਰਿੰਦਰ ਸਿੰਘ ਨੂੰ ਤਾਂ ਦਾੜ੍ਹੀ ਰੰਗਣ ਦੇ ਦੋਸ਼ ਵਿੱਚ ਸਿਰੋਪਾ ਨਹੀਂ ਸੀ ਦਿੱਤਾ। ...ਹੁਣ... ਰਹਿਤ-ਮਰਿਯਾਦਾ ਕੁਈ ਰੁਕਾਵਟ ਨਹੀਂ ਜਾਪਦੀ।

ਇਹ ਗੱਲ ਨਹੀਂ ਕਿ ਮਨਮੋਹਣ ਸਿੰਘ ਨੂੰ ਮੱਥਾ ਟੇਕਣ ਆਉਣ ਉੱਤੇ ਸਿਰੋਪਾ ਨਹੀਂ ਮਿਲਣਾ ਚਾਹੀਦਾ। ਮਨਮੋਹਣ ਸਿੰਘ ਸਿੱਖ ਭਾਈਚਾਰੇ ਦਾ ਮਾਣ ਹਨ, ਪਰ ਸੀਮਾ ਅੰਦਰ ਮਾਣ। ਨਾਲੋ-ਨਾਲ ਉਹ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਸਿਆਸੀ ਜਮਾਤ, ਜਿਸ ਅਧੀਨ ਰਾਜਾਂ ਵਿੱਚ ਸਿੱਖਾਂ ਦੀ ਕਤਲੇਆਮ ਹੋਈ ਅਤੇ ਕਈ ਦਰਜਨਾਂ ਅਬੂਗਰੀਬ (ਇਰਾਕ) ਸਮਾਨ ਜੇਲ੍ਹਾਂ (ਪੁੱਛ-ਗਿੱਛ ਕੇਂਦਰਾਂ) ਵਿੱਚ ਸਿੱਖ ਬੱਚੇ-ਬੱਚੀਆਂ ਉੱਤੇ ਬੁੱਚੜ ਕੇ.ਪੀ.ਐਸ ਗਿੱਲ ਅਕਹਿ ਜ਼ੁਲਮ ਢਾਹੁੰਦਾ ਰਿਹਾ, ਦੇ ਅਹੁਦੇਦਾਰ ਹਨ। ਜੇ ਸਿੱਖਾਂ ਨੇ ਆਪਣਾ ਦੁੱਖ ਦੱਸਣ ਦੇ ਠੇਕੇਦਾਰ ਕਾਤਲ ਦੇ ਹੱਥਠੋਕਿਆਂ (ਅਕਾਲੀ ਦਲ ਬਾਦਲ ਦੇ ਨੇਤਾਵਾਂ) ਨੂੰ ਬਣਾ ਲਿਆ ਹੈ ਤਾਂ ਫਿਰ ਵੀ ਉਹਨਾਂ ਦੀ ਦਾਸਤਾਂ ਸਦਾ ਜ਼ਿਕਰ ਦੇ ਕਾਬਲ ਰਹੇਗੀ। ਇਹ ਵੀ ਪ੍ਰਵਾਨ ਕਰਨ ਵਿੱਚ ਝਿਜਕ ਨਹੀਂ ਹੋਣੀ ਚਾਹੀਦੀ ਕਿ ਬਹੁਤ ਖੁੱਲ੍ਹੀ ਹੱਦ ਤੱਕ ਰਹਿਤ-ਮਰਿਯਾਦਾ ਦਾ ਮਸਲਾ ਸਿੱਖ ਅਤੇ ਗੁਰੂ ਵਿਚਕਾਰ ਹੈ, ਸਿੱਖ-ਸਿੱਖ ਜਾਂ ਸਿੱਖ-ਸ਼੍ਰੋਮਣੀ ਕਮੇਟੀ ਮੁਲਾਜ਼ਮ ਵਿਚਕਾਰ ਨਹੀਂ। ਮਨਮੋਹਣ ਸਿੰਘ ਨੂੰ ਸਿਰੋਪਾ ਜ਼ਰੂਰ ਮਿਲਣਾ ਚਾਹੀਦਾ ਹੈ ਪ੍ਰੰਤੂ 'ਸਿੰਘ ਸਾਹਿਬ' ਦੇ ਐਲਾਨ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਉਹ 'ਲਵ-ਕੁਸ਼ ਦੀ ਉਲਾਦ' ਵਰਗੇ ਸਿੰਘਾਂ ਨੂੰ ਨਾਲ ਲੈ ਕੇ ਸਿਰੋਪਾ ਪ੍ਰਦਾਨ ਕਰਨ ਦੇ ਚਾਈਂ ਨਾ ਮਿਆਉਂਦੇ ਹੋਏ, ਢੋਲਕੀ-ਛੈਣੇ ਵਜਾਉਂਦੇ ਸ੍ਰੀ ਦਰਬਾਰ ਸਾਹਿਬ ਪ੍ਰਸਰ ਦੇ ਬੂਹੇ ਉੱਤੇ ਖੜ੍ਹੇ ਹਨ। ਏਸੇ ਰਾਹ ਕਦੇ (6 ਜੂਨ 1984 ਨੂੰ) ਸਦੀਆਂ ਦੀਆਂ ਸਾਂਝਾਂ ਤੋੜ ਕੇ ਟੈਂਕ-ਤੋਪਾਂ ਆਏ ਸਨ — ਕੌਂਗਰਸ ਸਰਕਾਰ ਦੇ ਭੇਜੇ। ਜੇ ਮਨਮੋਹਣ ਸਿੰਘ ਏਨਾਂ ਸਿਆਣਾ ਹੈ ਜਿੰਨਾਂ ਕਿ ਓਸ ਨੂੰ ਦੁਨੀਆ ਜਾਣਦੀ ਹੈ ਤਾਂ ਜ਼ਰੂਰ ਉਹ 6 ਜੂਨ ਨੂੰ ਹੀ ਮੱਥਾ ਟੇਕਣ ਆਵੇਗਾ ਅਤੇ ਜਗਦੀਸ਼ ਟਾਈਟਲਰ ਨੂੰ ਨਾਲ ਲੈ ਕੇ ਆਵੇਗਾ। ਨਿਸ਼ਚੇ ਹੀ 'ਸਿੰਘ ਸਾਹਿਬ' ਨੇ ਸਿੱਖੀ ਦੀ ਅਣਖ ਅਤੇ ਸੱਚੇ ਦਰਬਾਰ ਦੀ ਮਰਿਯਾਦਾ ਨੂੰ ਠੇਸ ਪਹੁੰਚਾਈ ਹੈ। ਏਥੇ ਹਮਾਯੂੰ ਵੀ ਆਇਆ ਸੀ ਜਿਸ ਦੀ ਆਮਦ ਵੇਖ ਕੇ ਸੱਚੇ ਪਾਤਸ਼ਾਹ ਬੱਚਿਆਂ ਨੂੰ ਪੜ੍ਹਾਉਣ ਵਿੱਚ ਮਗਨ ਰਹੇ। ਏਥੇ ਅਕਬਰ ਵੀ ਆਇਆ ਸੀ ਜਿਸ ਉੱਤੇ ਹੁਕਮ ਸਾਦਰ ਹੋਇਆ ਸੀ, '**ਪ੍ਰਥਮ ਪੰਗਤ ਪਾਛੇ ਸੰਗਤ**'। ਸ੍ਰੀ ਦਰਬਾਰ ਸਾਹਿਬ ਦੇ ਜੂਨ ਚੁਰਾਸੀ ਦੇ ਹਮਲੇ ਤੋਂ ਬਾਅਦ ਗੁਰੂ-ਘਰ ਦੇ ਸਨਮਾਨ ਨੂੰ ਵੱਡੀ ਠੇਸ 'ਸਿੰਘ ਸਾਹਿਬ' ਦੇ ਉਪਰੋਕਤ ਐਲਾਨ ਨੇ ਹੀ ਲਾਈ ਹੈ। ਕਿਹੜੇ ਜੁਗ ਭਲਾ ਹੋਊ ਅਜੇਹੇ ਸੰਗ-ਦਿਲ ਅਕ੍ਰਿਤਘਣ ਦਾ ?

ਨਾਲ ਜੋੜਵਾਂ ਮਸਲਾ ਹੈ ਗੁਰਿੰਦਰਪਾਲ ਸਿੰਘ ਧਨੌਲਾ ਦਾ। ਓਸ ਉੱਤੇ ਖਾਂਦੇ ਦੀ ਦਾੜ੍ਹੀ ਹਿੱਲਣ ਦਾ ਇਲਜ਼ਾਮ 'ਸਿੰਘ ਪੋਲਿਟ ਬਿਊਰੋ' ਦੇ ਦੂਜੇ ਸਦਸਯ ਵੱਲੋਂ ਲੱਗਾ ਹੈ। ਇਹ ਸਿੰਘ ਤਾਂ ਉਸ ਨੂੰ ਫਾਹੇ ਟੰਗਣ ਲਈ ਏਨਾਂ ਉਤਾਵਲਾ ਸੀ ਕਿ ਬਿਨਾਂ ਕਿਸੇ ਨੂੰ ਪੁੱਛੇ, ਬਿਨਾਂ ਦੂਜਿਆਂ ਨਾਲ ਸਲਾਹ ਕੀਤੇ, 'ਗੁਨਾ' ਵਾਲੇ 'ਫ਼ੈਕਸਨਾਮੇ' ਦੀ ਰੀਤ ਉੱਤੇ ਚੱਲਦਿਆਂ ਝਟਪਟ ਅਖ਼ਬਾਰ ਨੂੰ ਏਸ ਸਬੰਧੀ ਬਿਆਨ ਦਾਗ਼ ਦਿੱਤਾ।

ਜਿਹੜੇ ਲੋਕ ਇਹ ਨਹੀਂ ਦੇਖ ਸਕਦੇ ਕਿ ਮਨਮੋਹਣ ਸਿੰਘ ਅਤੇ ਧਨੌਲੇ ਵਾਲੇ ਦੋਨਾਂ ਬਿਆਨਾਂ ਵਿੱਚ 'ਸਿੰਘ ਸਾਹਿਬ' ਪੂਰੀ ਵਫ਼ਾਦਾਰੀ ਨਾਲ ਆਪਣੇ ਸਿਆਸੀ ਮਾਲਕਾਂ ਦਾ ਪੱਖ ਪੂਰ ਰਹੇ ਹਨ, ਉਹ ਕੋਸ਼ਿਸ਼ ਕਰ ਕੇ ਐਨਕਾਂ ਬਦਲਵਾ ਲੈਣ। ਧਨੌਲੇ ਨੇ ਇਹਨਾਂ ਦੇ ਸਿਆਸੀ ਆਕਾ ਵਿਰੁੱਧ ਚੋਣ ਪ੍ਰਚਾਰ ਕੀਤਾ, ਉਹ ਜਾੜ੍ਹ ਹੇਠ ਆ ਗਿਆ। ਮਨਮੋਹਣ ਸਿੰਘ ਇਹਨਾਂ ਦੇ ਆਕਾ ਨੂੰ ਕਾਨੂੰਨ ਦੇ ਸ਼ਿਕੰਜੇ ਵਿੱਚੋਂ ਕੱਢ ਸਕਦਾ ਹੈ, ਏਸ ਲਈ ਇਹ ਜੁੱਤੀਆਂ ਲਾਹ ਕੇ ਹਾਰ ਅਤੇ ਸਿਰੋਪਾ ਫੜੀ ਓਸ ਦੇ ਇੰਤਜ਼ਾਰ ਵਿੱਚ ਵਿਛੇ ਪਏ ਹਨ। ਜੇ ਕਿਤੇ ਕੱਲਾ ਸੰਤ ਜਰਨੈਲ ਸਿੰਘ ਹੀ ਜਿਉਂਦਾ ਹੁੰਦਾ ਤਾਂ ਕੀ ਇਹ ਏਹੋ ਜੇਹੇ ਮਜ਼ਾਕ ਸਿੱਖ ਮਾਨਸਿਕਤਾ ਨਾਲ ਕਰਦੇ ?

ਪਰ ਸੰਤ ਬਾਬਾ ਜਰਨੈਲ ਸਿੰਘ ਨੇ ਕਿੱਥੋਂ ਹੋਣਾਂ ਸੀ ? ਓਹਨਾਂ ਦਾ ਸਰੀਰ ਦੋ ਦਹਾਕੇ ਪਹਿਲਾਂ ਕੌਂਗਰਸ ਸਰਕਾਰ ਦੀਆਂ ਅੱਗ ਉਗ਼ਲਦੀਆਂ ਨੀਤੀਆਂ ਭਸਮ ਕਰ ਚੁੱਕੀਆਂ ਹਨ। ਉਹਨਾਂ ਜੋ ਭਾਂਬੜ ਬਾਲ਼ੇ ਸਨ ਉਹਨਾਂ ਵਿੱਚ ਉਹ ਸਿੱਖ ਰੈਫ਼ਰੈਂਸ ਲਾਇਬਰੇਰੀ ਦੀਆਂ ਸੈਂਕੜੇ ਨਾਯਾਬ ਬੀੜਾਂ ਸਮੇਤ ਸਿੱਖ ਸੱਭਿਆਚਾਰ, ਧਰਮ, ਅਣਖ ਅਤੇ ਬਾਕੀ ਸਾਰਾ ਕੁਝ ਸਵਾਹ ਕਰਨਾ ਲੋਚਦੇ ਸਨ। ਅੱਜ ਦੇ 'ਸਿੰਘ ਸਾਹਿਬਾਨਾਂ' ਦੇ ਬਿਆਨ, ਆਪੇ ਬਣੇ ਸੰਤ ਦੇ ਅੰਗ-ਰੱਖਿਅਕ ਹਰਮਿੰਦਰ ਸਿੰਘ ਗਿੱਲ ਦਾ ਅੱਜ ਤਿਆਰਾ ਕੱਸ ਕੇ ਕੌਂਗਰਸ ਦੀ ਸੋਚ ਉੱਤੇ ਪਹਿਰਾ ਦੇਣ ਲਈ ਆਪਣੇ-ਆਪ ਨੂੰ ਤਾਇਨਾਤ ਕਰਨਾ ਅਤੇ ਦਰਬਾਰ ਉੱਤੇ ਹਮਲੇ ਦੇ ਵੀਹਵੇਂ ਸਾਲ ਸਭ ਤੋਂ ਭ੍ਰਿਸ਼ਟ ਆਗੂਆਂ ਨੂੰ ਸਿਰ ਦਾ ਤਾਜ ਬਣਾਉਣਾ ਦੱਸਦਾ ਹੈ ਕਿ ਜ਼ਾਲਮ-ਅੱਗ ਦੀਆਂ ਲਾਟਾਂ ਬਹੁਤ ਕੁਝ ਨਿਗ਼ਲ ਚੁੱਕੀਆਂ ਹਨ।

ਪਰ ਉਹ ਧਿਰਾਂ ਜਿਨ੍ਹਾਂ ਨੇ 'ਮਰਾਂਗੇ ਨਾਲ ਤੇਰੇ' ਦੀਆਂ ਕਸਮਾਂ ਖਾਧੀਆਂ ਸਨ, ਜਿਹੜੀਆਂ ਇੱਕੋ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਮਨੁੱਖਤਾ, ਅਣਖ, ਸਵੈਮਾਨ ਦੀ ਰਾਖੀ ਕਰਨ ਦੇ ਪ੍ਰਣ ਨੂੰ ਧਾਰਨ ਕਰਨ ਵਾਲੀਆਂ ਸਨ, ਅੱਜ ਪੰਜ ਵੈਰੀਆਂ ਉੱਤੇ ਕਾਬੂ ਪਾ ਕੇ ਮਨੁੱਖਤਾ ਲਈ ਜੂਝਣ ਦੇ ਪਿੜ ਵਿੱਚ ਨਹੀਂ ਉਤਰ ਸਕ ਰਹੀਆਂ। ਇਹ ਖੱਖੜੀਆਂ-ਕਰੇਲੇ ਹਨ; ਹਉਮੈ ਦੀਆਂ ਗ਼ੁਲਾਮ ਹੋ ਦੁਸ਼ਮਣਾਂ ਕੋਲੋਂ ਧੂੜ ਚੱਟ ਰਹੀਆਂ ਹਨ ਪਰ ਇੱਕ ਹੋ ਕੇ ਹੰਭਲਾ ਨਹੀਂ ਮਾਰ ਸਕ ਰਹੀਆਂ। ਸੱਚ ਪੱਖੀ ਰਿਸ਼ਟ-ਪੁਸ਼ਟ ਸਰੀਰਾਂ ਨੂੰ, ਗੁਰੂ ਸਵਾਰੀ ਸਦਬੁੱਧੀ ਨੂੰ, ਹੈਂਕੜ ਦਾ ਲਕਵਾ ਮਾਰ ਗਿਆ ਹੈ। ਹੁਣ ਇਹ ਢੋਲ ਦੇ ਡੱਗੇ ਉੱਤੇ ਆਉਂਦੀਆਂ ਗੁਰਦੁਆਰਾ ਚੋਣਾਂ ਹਾਰਨ ਦਾ ਪੱਕਾ ਇੰਤਜ਼ਾਮ ਕਰ ਰਹੀਆਂ ਹਨ। ਇਹਨਾਂ ਨੂੰ ਏਸ ਹਾਲਤ ਵਿੱਚ ਪਹੁੰਚਾਉਣ ਵਿੱਚ ਸਭ ਤੋਂ ਵੱਧ ਯੋਗਦਾਨ ਵਿੰਗੀਆਂ ਕਲਮਾਂ ਦਾ ਹੈ ਜੋ ਕਿ ਇਹ ਪ੍ਰਚਾਰ ਕਰਦੀਆਂ ਹੀ ਨਹੀਂ ਥੱਕਦੀਆਂ ਕਿ *"ਇਹ ਪੰਥਕ ਜਥੇਬੰਦੀਆਂ ਭਾਵੇਂ ਕਿੰਨੀਆਂ ਸੁਹਿਰਦ ਹੋਣ, ਭਾਵੇਂ ਇਨ੍ਹਾਂ ਦੀ ਇਤਿਹਾਸ ਉੱਤੇ ਕਿੰਨੀ ਵੀ ਪਕੜ ਹੋਵੇ ਅਤੇ ਭਾਵੇਂ ਉਹ ਆਪ ਕਿੰਨੇ ਵੀ ਬੁੱਧੀਜੀਵੀ ਅਤੇ ਸਿਧਾਂਤਕਾਰ ਆਪਣੇ-ਆਪ ਨੂੰ ਅਖਵਾਉਣ, ਪਰ ਜਿੰਨਾਂ ਚਿਰ ਉਹ ਮੁੜ੍ਹਕੋ-ਮੁੜ੍ਹਕੀ ਹੋ ਕੇ ਆਮ ਲੋਕਾਂ ਵਿੱਚ ਨਹੀਂ ਵਿਚਰਦੇ, ਪਿੰਡਾਂ ਦੀ ਧੂੜ ਨਹੀਂ ਫੱਕਦੇ ਤੇ ਜਦ ਤੱਕ ਉਨ੍ਹਾਂ ਦੇ ਨਿੱਕੇ-ਮੋਟੇ ਮਸਲਿਆਂ ਨਾਲ ਨਹੀਂ ਜੁੜਦੇ, ਉਦੋਂ ਤੱਕ ਉਹ ਅੰਤਮ ਜਿੱਤ ਕਦੇ ਵੀ ਹਾਸਲ ਨਹੀਂ ਕਰ ਸਕਦੇ।" ('ਪੰਜਾਬ ਫ਼ਤਵਾ 2004: ਬਾਦਲ ਦਲ ਦੀ ਜਿੱਤ ਵਿੱਚ ਲੁਕੇ ਰਾਜ਼'— ਕਰਮਜੀਤ ਸਿੰਘ, ਪੰਜਾਬੀ ਟ੍ਰਿਬਿਊਨ, 17 ਮਈ 2004)*

ਇਹਨਾਂ ਦੀਆਂ ਅੱਖਾਂ ਦੇ ਸਾਹਮਣੇ ਮਨਮੋਹਣ ਸਿੰਘ, ਨਵਜੋਤ ਸਿੰਘ ਸਿੱਧੂ, ਮਨੋਹਰ ਸਿੰਘ ਗਿੱਲ ਅਤੇ ਜੇ.ਐੱਨ. ਦੀਕਸ਼ਿਤ ਆਦਿ ਹਨ। ਪੁੱਛਣ ਵਾਲਾ ਸਵਾਲ ਇਹ ਵੀ ਹੈ ਕਿ ਕੀ ਸੁਖਬੀਰ ਸਿੰਘ ਬਾਦਲ, ਹਰਮੇਲ ਸਿੰਘ ਟੌਹੜਾ, ਪਰਮਿੰਦਰ ਸਿੰਘ ਢੀਂਡਸਾ, ਪਰਮਜੀਤ ਕੌਰ ਗੁਲਸ਼ਨ, ਈਮਾਨ ਸਿੰਘ ਮਾਨ, ਸੀਤਲ ਸਿੰਘ ਅਤੇ ਰਣਜੀਤ ਸਿੰਘ ਤਲਵੰਡੀ ਆਦਿ ਇਹਨਾਂ ਵੱਲੋਂ ਧੂੜ ਫੱਕਣ, ਮੁੜ੍ਹਕੋ-ਮੁੜ੍ਹਕੀ ਹੋਣ ਦੀ ਨਿਰਧਾਰਤ ਕੀਤੀ ਗਈ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਸਿਆਸੀ ਅਹੁਦਿਆਂ 'ਤੇ ਸੁਸ਼ੋਭਿਤ ਹੋਏ ਹਨ ਕਿ ਜਾਂ ਅਯੋਗ ਹੋਣ ਦੇ ਬਾਵਜੂਦ ਮਹਿਜ਼ ਕਿਸੇ ਖਾਨਦਾਨੀ ਪਿਛੋਕੜ ਦੇ ਆਧਾਰ 'ਤੇ ਪੈਰਾਸ਼ੂਟ ਰਾਹੀਂ ਸਿਆਸਤ ਦੇ ਪਿੜ ਵਿੱਚ ਉਤਾਰ ਕੇ ਲੋਕ-ਹਿਤਾਂ ਨਾਲ ਖਿਲਵਾੜ ਕਰਨ ਦੇ ਸਮਰੱਥ ਬਣਾ ਦਿੱਤੇ ਗਏ ਹਨ ? ਕਿਹੜੀ ਹਰ ਸਿਆਸੀ ਜਮਾਤ ਜਾਣਦੀ ਹੈ ਕਿ ਨਵੇਂ ਖ਼ੂਨ ਬਿਨਾਂ ਸਿਆਸੀ ਜਮਾਤਾਂ ਬੁੱਢੀਆਂ ਹੋ ਕੇ ਜਰਜਰੀਆਂ ਹੋ ਜਾਂਦੀਆਂ ਹਨ। ਪਰ ਇਹ ਬਜ਼ਿੱਦ ਹਨ ਕਿ ਜਦੋਂ ਤੱਕ ਕੌਮ ਦੀ ਸੇਵਾ ਵਿੱਚ ਦਿਨ-ਰਾਤ ਜੂਝਦਿਆਂ ਨੂੰ ਬੌਧਿਕ ਕੰਮਾਂ ਤੋਂ ਹਟਾ ਕੇ ਰਾਹਾਂ ਦੀ ਧੂੜ ਫੱਕਣ ਦੇ ਰਾਹ ਨਹੀਂ ਤੋਰਦੇ ਉਦੋਂ ਤੱਕ ਨਿਜ਼ਾਤ ਸੰਭਵ ਨਹੀਂ। ਸਾਰਿਆਂ ਨੂੰ ਮੁੜ੍ਹਕੋ-ਮੁੜ੍ਹਕੀ ਕਰ ਕੇ ਪਹਿਲਾਂ ਦੂਜਿਆਂ ਦੇ ਟੁਕੜਿਆਂ ਉੱਤੇ ਪਲਦੇ, ਗੋਲਕਾਂ ਭੰਨ ਕੇ ਖਾਂਦੇ, ਵਿਹਲੜਾਂ ਫੰਡਰਾਂ ਦੀ ਜਮਾਤ ਤਿਆਰ ਕਰੋ, ਉਹਨਾਂ ਨੂੰ ਲਿਖਿਆ-ਪੁੰਝਿਆ ਸਭ ਭੁੱਲ ਜਾਣ ਦਿਉ ਅਤੇ ਜਦੋਂ ਮੁਕੰਮਲ ਉਜੱਡ ਹੋ ਜਾਣ ਓਦੋਂ ਉਹਨਾਂ ਨੂੰ ਕੌਮ ਦੀ ਕਿਸਮਤ ਦੇ ਰਾਖੇ ਬਣਾਉ — ਤਾਂ ਕਿ ਉਹ ਲੁੱਟ-ਘਸੁੱਟ ਕਰ ਕੇ ਘਰ ਭਰਨ ਨੂੰ ਹੀ ਵੱਡੀ ਸਿਆਸੀ ਪ੍ਰਾਪਤੀ ਸਮਝਣ ਅਤੇ ਉਜੱਡ ਏਜੰਡੇ ਨੂੰ ਵੇਖ ਕੇ ਏਸ ਕੌਮ ਨੂੰ ਗ਼ੁਲਾਮ ਬਣਾਉਣ ਵਾਲੇ ਚੈਨ ਦੀ ਨੀਂਦ ਸੁੱਤੇ ਰਹਿਣ। ਕੀ ਇਹ ਨਵੇਂ ਨੇਤਾ ਪੈਦਾ ਕਰਨ ਦਾ ਫ਼ਾਰਮੂਲਾ ਕੇਵਲ ਸਿੱਖਾਂ ਉੱਤੇ ਲਾਗੂ ਕਰਨ ਲਈ ਹੀ ਇਹਨਾਂ ਨੇ ਰਾਖਵਾਂ ਰੱਖਿਆ ਹੈ ? ਓਸ ਮਹਾਨ ਕੌਮ ਲਈ ਜਿਨ੍ਹਾਂ ਦਾ ਪਹਿਲਾ ਸਿਆਸੀ ਆਗੂ ਉਦਾਸੀ ਸਾਧੂ ਸੀ। ਅੰਮ੍ਰਿਤ ਛਕਣ ਤੋਂ ਅਗਲੇ ਦਿਨ ਏਸ਼ੀਆ ਦੀ ਸਭ ਤੋਂ ਵੱਡੀ ਸ਼ਹਿਨਸ਼ਾਹੀ ਦੇ ਮੂੰਹ ਉੱਤੇ ਤਲਵਾਰ ਦੇ ਫੱਟ ਲਾਉਣ ਵਾਲਾ ਆਗੂ ਬੰਦਾ ਸਿੰਘ ਬਹਾਦਰ! ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਨਿਰੋਲ ਹਿੰਦੀਆਂ ਦੀ ਪਹਿਲੀ ਸ਼ਹਿਨਸ਼ਾਹੀ ਸਥਾਪਤ ਕਰਨ ਵਾਲਾ ਬੰਦਾ ਸਿੰਘ ਬਹਾਦਰ! ਜਿਨ੍ਹਾਂ ਦਾ ਦੂਜਾ ਸਿਆਸੀ ਨੇਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਣ ਦੀ ਸੇਵਾ ਕਰਨ ਵਾਲਾ ਭਾਈ ਮਨੀ ਸਿੰਘ! ਇਹਨਾਂ ਦੇ ਹੀ ਅਬਦਾਲੀ ਨਾਲ ਲੋਹਾ ਲੈਣ ਵਾਲੇ ਬਜ਼ੁਰਗ ਬਾਬਾ ਦੀਪ ਸਿੰਘ ਨੇ ਤਾਂ ਅਰਬੀ ਅਤੇ ਫ਼ਾਰਸੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਲੱਥਾ ਕਰਦਿਆਂ-ਕਰਦਿਆਂ ਹੱਥੋਂ ਕਲਮ ਰੱਖ ਕੇ ਖੰਡਾ ਚੁੱਕਿਆ ਸੀ।

ਜੂਨ ਚੁਰਾਸੀ ਦਾ ਬਦਲਾ ਲੈਣਾ ਅਜੇ ਬਾਕੀ ਹੈ। ਪਰ ਸਿੱਖ ਕੌਮ ਦੀ ਢਾਈ ਸੌ ਸਾਲ ਦੀ ਪੈਗੰਬਰੀ ਸ਼ਾਨ ਨੂੰ ਬਰਕਰਾਰ ਰੱਖਦਿਆਂ ਬਦਲਾ ਏਨਾ ਸਾਊ, ਸੱਭਿਅਕ ਅਤੇ ਧਰਮਪਰਾਇਣ ਹੋਣਾ ਚਾਹੀਦਾ ਹੈ ਕਿ ਦੁਨੀਆਂ ਇੱਕ ਵਾਰ ਫੇਰ ਸਿੰਘ-ਕਰਮ ਵੇਖ ਕੇ ਮੂੰਹ ਵਿੱਚ ਉਂਗਲਾਂ ਪਾ ਲਵੇ। ਸੱਚੇ ਸਾਹਿਬ ਸਰਬੰਸਦਾਨੀ ਦੇ ਅੰਮ੍ਰਿਤ ਵਿੱਚ ਅਜੇ ਵੀ ਇਹ ਬਰਕਤ ਬਾਕੀ ਹੈ। ਸਿਰਫ਼ ਜੁੱਸਾ ਛੰਡ ਕੇ, ਸਾਹਿਬਾਂ ਦੀ ਓਟ ਲੈ ਕੇ ਅੱਜ ਹੀ ਸੱਭਿਆਚਾਰਕ ਕ੍ਰਾਂਤੀ ਵਿੱਚ ਜੂਝਣ ਦਾ ਪ੍ਰਣ ਕਰਨਾ ਚਾਹੀਦਾ ਹੈ। ਹਜ਼ੂਰ ਦੇ ਸੁਨੇਹੇ ਦੀ ਵਿੜਕ ਸੁਣਨ ਨੂੰ ਕਰੋੜਾਂ ਤਪਦੇ ਹਿਰਦੇ ਤਤਪਰ ਹਨ। ਤੱਤੀ ਤਵੀ ਉੱਤੇ ਬੈਠੇ ਵਿਸ਼ਵ-ਸੱਭਿਆਚਾਰ ਦੇ ਅਲੰਬਰਦਾਰ, ਸ਼ਹੀਦਾਂ ਦੇ ਸਿਰਤਾਜ, "ਗੁਰੁ ਅਰਜੁਨੁ ਪਰਤਖੵ ਹਰਿ" ਦੀ ਅਜਬ ਘਾਲਣਾ ਦੀ ਦਾਸਤਾਂ ਸੁਣਨ ਲਈ ਲੁਕਾਈ ਪੱਬਾਂ ਭਾਰ ਹੋ-ਹੋ ਉਡੀਕ ਰਹੀ ਹੈ। ਅਸੀਂ ਆਪਣੀ ਜ਼ੁਬਾਨ ਤਾਂ ਖੋਲ੍ਹੀਏ!

**"ਬੜੇ ਗੌਰ ਸੇ ਸੁਨ ਰਹਾ ਥਾ ਜ਼ਮਾਨਾ,**
**ਹਮ ਹੀ ਸੋ ਗਏ ਦਾਸਤਾਂ ਕਹਿਤੇ ਕਹਿਤੇ।"**

ਗੁਰਤੇਜ ਸਿੰਘ।

*****

ਭਾਰਤੀ ਨਾਰੀ ਦਾ ਗੌਰਵ, ਤਿਆਗ ਤੇ ਬਲੀਦਾਨ ਦੀ ਸਾਕਾਰ ਮੂਰਤ

## ਸ੍ਰੀਮਤੀ ਸੋਨੀਆ ਗਾਂਧੀ

* ਮਾਨਵੀ ਕਦਰਾਂ-ਕੀਮਤਾਂ ਦੇ ਸੋਕੇ ਨਾਲ ਬੰਜਰ ਹੋ ਚੁੱਕੀ ਸਮਕਾਲੀ ਸਿਆਸਤ ਨੂੰ ਆਪਣੇ ਤਿਆਗ ਤੇ ਬਲੀਦਾਨ ਨਾਲ ਸਰਸ਼ਾਰ ਕਰਨ 'ਤੇ।
* ਧੋਤੀਧਾਰੀਆਂ ਦੇ 'ਸਵਦੇਸ਼ੀ ਦੰਭ' ਨੂੰ ਲੀਰੋ-ਲੀਰ ਕਰਨ 'ਤੇ, ਢੌਂਗੀ ਸੰਨਿਆਸਣਾਂ ਤੇ ਸਾਧਾਂ ਦੇ ਭੇਖ ਦਾ ਨਿੱਜੀਕਰਨ ਕਰਨ ਵਾਲੇ ਅਡੰਬਰੀ ਰਾਜ-ਨੇਤਾਵਾਂ ਨੂੰ ਤਿਆਗ ਤੇ ਸੰਜਮ ਦਾ ਪਾਠ ਪੜ੍ਹਾਉਣ 'ਤੇ।
* ਭਾਰਤੀ ਇਤਿਹਾਸ 'ਚ ਪਹਿਲੀ ਵਾਰ ਘੱਟ ਗਿਣਤੀਆਂ ਵਿੱਚੋਂ ਗੁਰੂ ਨਾਨਕ ਦੇ ਸੱਚੇ-ਸੁੱਚੇ ਸਿੰਘ ਤੇ ਨਿਮਾਣੇ ਸਿੱਖ ਨੂੰ ਸਰਵਉੱਚ ਅਹੁਦੇ ਦਾ ਮਾਣ ਦੇਣ 'ਤੇ।

***ਪੱਛਮ ਦੀ ਧੀ, ਪੂਰਬ ਦਾ ਮਾਣ, ਹਿੰਦੁਸਤਾਨੀ ਸੱਭਿਅਤਾ ਤੇ ਸੰਸਕ੍ਰਿਤੀ ਦੀ ਮਾਨਸ ਪੁੱਤਰੀ ਸ੍ਰੀਮਤੀ ਸੋਨੀਆ ਗਾਂਧੀ ਨੂੰ ਕਰੋੜਾਂ ਪੰਜਾਬੀਆਂ ਵੱਲੋਂ ਵਧਾਈ।***

ਜਾਰੀ ਕਰਤਾ: ਪੰਡਤ ਕਮਲ ਕਿਸ਼ੋਰ, ਖਿਜ਼ਰਾਬਾਦ, 98144-05563
ਚੇਅਰਮੈਨ, ਇਲਾਕਾ ਸੁਧਾਰ ਕਮੇਟੀ, ਘਾੜ (ਰੋਪੜ)

ਧੰਨਵਾਦ ਸਹਿਤ, ਪੰਜਾਬੀ ਟ੍ਰਿਬਿਊਨ, 23 ਮਈ, 2004 ਵਿੱਚੋਂ

*****

## ਭਿੰਡਰਾਂ ਵਾਲਾ ਸੰਤ ਸਿਪਾਹੀ ਵਿੱਚ ਮੈਦਾਨੇ ਆਇਆ॥

*ਗਿਆਨੀ ਹਰਿਬੰਸ ਸਿੰਘ ਤੇਗ, ਨਵਾਂ ਸ਼ਹਿਰ*

ਸਿੱਖ ਧਰਮ ਦਾ ਉਹ ਪ੍ਰਚਾਰਕ ਗੁਰੂ ਗੋਬਿੰਦ ਦਾ ਜਾਇਆ॥
ਭਿੰਡਰਾਂਵਾਲਾ ਸੰਤ ਸਿਪਾਹੀ ਵਿੱਚ ਮੈਦਾਨੇ ਆਇਆ॥
ਉਹ ਜਰਨੈਲ ਸਿੰਘ ਸੂਰਮਾ ਕੌਮ ਜਗਾਵਣ ਆਇਆ॥
ਛੋਟੀ ਉਮਰੇ ਬਾਣੀ ਪੜ੍ਹ ਕੇ ਜਪ ਤਪ ਓਸ ਕਮਾਇਆ॥
ਦੁਨੀਆਂ ਸੰਦੇ ਸੁਖ ਤਿਆਗ, ਪਰਮਅਨੰਦ ਨੂੰ ਪਾਇਆ॥
ਕੀਤਾ ਸਿਮਰਨ ਅਕਾਲ ਪੁਰਖ ਦਾ,ਜਿਸ ਨੇ ਹੈ ਪ੍ਰਗਟਾਇਆ॥
ਸੱਚੋ ਸੱਚੀ ਬਾਤ ਆਖਦਾ ਨਿਰਭਉ ਨਾਦ ਵਜਾਇਆ॥
ਪੂਰਨ ਸਿੱਖ ਬਣਨ ਨੂੰ ਕਹਿੰਦਾ ਜਕੋ-ਤਕ ਹਟਾਇਆ॥
ਦੁਨੀਆਂ ਕੇਰੇ ਨਸ਼ੇ ਤਿਆਗੋ ਗੁਰਬਾਣੀ ਚਿਤ ਲਾਇਆ॥
ਅੰਦਰੋ ਬਾਹਰੋਂ ਨਿਰਮਲ ਹੋ ਕੇ ਹੋਇਆ ਦੂਣ ਸਵਾਇਆ॥
ਕਚੇ ਪਿਲੇ ਸੋਧੇ ਉਸ ਨੇ ਹੱਕ ਅਵਾਜ਼ਾ ਲਾਇਆ॥
ਅੰਮ੍ਰਿਤ ਪੀਣੋਂ ਜੋ ਸਿੱਖ ਡਰਦਾ, ਬਚਨਾਂ ਨਾਲ ਮਨਾਇਆ॥
ਨਵੀਂ ਪਨੀਰੀ ਸਿੰਘ ਸਜਾਈ ਕਈ ਭੁੱਲਿਆਂ ਨੂੰ ਸਮਝਾਇਆ॥
ਪਹਿਲ ਕਿਸੇ ਤੇ ਕਦੇ ਨਹੀਂ ਕਰਨੀ ਸਭ ਨੂੰ ਇਹ ਪੜ੍ਹਾਇਆ॥
ਜੋ ਕਹਿਣਾ ਉਹ ਕਰਨਾ ਪੈਣਾ, ਗੁਰਾਂ ਦਾ ਹੁਕਮ ਸਣਾਇਆ॥
ਛਲ ਕਪਟ ਦਾ ਰਾਜ ਨ ਚੰਗਾ, ਸੰਤਾਂ ਸੀ ਦੁਹਰਾਇਆ॥
ਤਾਂਹੀਓ ਪੰਜਵੇਂ ਨਾਨਕ ਨੇ ਸੀ ਸਬਰ ਤਾਈਂ ਅਜ਼ਮਾਇਆ॥
ਤਤੀ ਤਵੀ 'ਤੇ ਆਸਣ ਲਾ ਕੇ ਜਾਮ ਸ਼ਹੀਦੀ ਪਾਇਆ॥
ਜ਼ੋਰ ਜ਼ੁਲਮ ਦੀ ਈਨ ਨਾ ਮੰਨੀ, ਜਾ ਦਿਲੀ ਸੀਸ ਕਟਾਇਆ॥
ਪਰ ਜੇ ਹੱਦ ਜ਼ੁਲਮ ਦੀ ਹੋਵੇ, ਖੰਡਾ ਜਾਇ ਉਠਾਇਆ॥

*****

## 'ਸਪੋਕਸਮੈਨ' ਵੱਲੋਂ 11 ਅਪ੍ਰੈਲ 2004 ਦੇ ਇਕੱਠ ਵਿੱਚ ਪਾਸ ਕੀਤੇ ਮਤੇ,*'ਵਿਸ਼ਵ ਸਿੱਖ ਬੁਲੇਟਿਨ'* ਦੀਆਂ ਟਿੱਪਣੀਆਂ ਸਹਿਤ

### ਮਤਾ ਨੰ. 1

ਅੱਜ 11 ਅਪ੍ਰੈਲ 2004, ਦਿਨ ਐਤਵਾਰ, ਨੂੰ ਦੇਸ਼ ਦੇ ਕੋਨੇ-ਕੋਨੇ ਤੋਂ ਆ ਕੇ ਚੰਡੀਗੜ੍ਹ ਵਿਖੇ ਇਕੱਤਰ ਹੋਏ 'ਸਪੋਕਸਮੈਨ' ਦੇ ਹਜ਼ਾਰਾਂ ਪਾਠਕਾਂ ਅਤੇ ਪ੍ਰੇਮੀਆਂ ਨੇ 10 ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੇ ਇਸ ਹਰਮਨ ਪਿਆਰੇ ਪਰਚੇ ਅਤੇ ਇਸ ਦੇ ਮੁੱਖ ਸੰਪਾਦਕ ਸ੍. ਜੋਗਿੰਦਰ ਸਿੰਘ ਵਿਰੁੱਧ ਸਿਆਸੀ ਲੋਕਾਂ ਦੇ ਇਸ਼ਾਰਿਆਂ 'ਤੇ ਨੱਚਣ ਵਾਲੇ ਤਖ਼ਤਾਂ ਦੇ ਸੇਵਾਦਾਰਾਂ ਵੱਲੋਂ ਜਾਰੀ ਕੀਤੇ ਗਏ ਅਖ਼ੌਤੀ 'ਹੁਕਮਨਾਮੇ' ਬਾਰੇ ਵਿਚਾਰਾਂ ਕੀਤੀਆਂ। ਪੰਥਕ ਸੋਚ ਵਾਲੇ ਇਨ੍ਹਾਂ ਸਿੰਘਾਂ ਦੀ ਇਹ ਇਕੱਤਰਤਾ ਦੀਰਘ ਸੋਚ-ਵਿਚਾਰ ਮਗਰੋਂ ਸਰਬ-ਸੰਮਤੀ ਨਾਲ ਇਸ ਨਿਰਣੇ 'ਤੇ ਪੁੱਜੀ ਹੈ ਕਿ 10 ਮਾਰਚ ਵਾਲਾ ਅਖ਼ੌਤੀ 'ਹੁਕਮਨਾਮਾ' ਕਿਉਂਕਿ ਮੁੱਢਲੇ ਸਿੱਖ-ਸਿਧਾਂਤਾਂ ਦੀ ਉਲੰਘਣਾ ਕਰਦਾ ਹੈ ਅਤੇ ਅਜਿਹਾ 'ਹੁਕਮਨਾਮਾ' ਜਾਰੀ ਕਰਨ ਦਾ ਅਧਿਕਾਰ ਕਿਉਂਕਿ ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤ ਮਰਿਆਦਾ ਅਤੇ ਗੁਰਦਵਾਰਾ ਐਕਟ ਨੇ ਕਿਸੇ ਵੀ ਸਿੱਖ ਨੂੰ ਨਹੀਂ ਦਿੱਤਾ ਹੋਇਆ, ਇਸ ਲਈ ਇਹ 'ਹੁਕਮਨਾਮਾ' ਗ਼ੈਰ-ਕਾਨੂੰਨੀ, ਅਣ-ਅਧਿਕਾਰਤ, ਸਿੱਖੀ ਨੂੰ 12ਵੀਂ ਸਦੀ ਦੇ ਇੱਕ ਧਰਮ ਵਰਗਾ ਧਰਮ ਬਣਾਉਣ ਵਾਲਾ ਅਤੇ ਸ੍ਰੀ ਅਕਾਲ ਤਖ਼ਤ ਨੂੰ ਬਦਨਾਮੀ ਦਿਵਾਉਣ ਵਾਲਾ ਕਾਲਾ ਸਿਆਹ ਕਾਰਨਾਮਾ ਹੈ। ਇਸ ਲਈ ਇਹ ਇਕੱਤਰਤਾ ਇਸ ਨੂੰ ਉਸ ਤਰ੍ਹਾਂ ਹੀ ਰੱਦ ਕਰਦੀ ਹੈ ਜਿਵੇਂ ਕਿ 26 ਅਕਤੂਬਰ ਨੂੰ ਮੋਹਾਲੀ ਵਿਖੇ ਹੋਈ ***ਵਰਲਡ ਸਿੱਖ ਕਨਵੈਨਸ਼ਨ*** ਨੇ ਸ੍. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਪੰਥ 'ਚੋਂ ਛੇਕਣ ਵਾਲਾ ਅਖ਼ੌਤੀ 'ਹੁਕਮਨਾਮਾ' ਰੱਦ ਕੀਤਾ ਸੀ। ਇਸ ਇਕੱਤਰਤਾ ਨੇ ਬੜੀ ਤਸੱਲੀ ਨਾਲ ਇਹ ਗੱਲ ਨੋਟ ਕੀਤੀ ਹੈ ਕਿ ਸ੍. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀ ਤਾਜ਼ਾ ਪੰਜਾਬ ਫੇਰੀ ਦੌਰਾਨ ਸੰਗਤਾਂ ਨੇ ਹਰ ਥਾਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਹੈ ਅਤੇ ਸਿਆਸੀ ਲੋਕਾਂ ਦੇ ਇਸ਼ਾਰਿਆਂ ਉੱਤੇ ਕੰਮ ਕਰਨ ਵਾਲੇ ਪੁਜਾਰੀਆਂ ਅਤੇ ਗ੍ਰੰਥੀਆਂ ਦੇ ਗ਼ਲਤ ਅਤੇ ਅਣ-ਅਧਿਕਾਰਤ 'ਹੁਕਨਾਮਿਆਂ' ਦੀ ਕੋਈ ਪਰਵਾਹ ਨਹੀਂ ਕੀਤੀ। ਇਸ ਇਕੱਤਰਤਾ ਨੂੰ ਪੂਰਾ ਵਿਸ਼ਵਾਸ ਹੈ ਕਿ 'ਸਪੋਕਸਮੈਨ' ਅਤੇ ਇਸ ਦੇ ਮੁੱਖ ਸੰਪਾਦਕ ਵਿਰੁੱਧ ਜਾਰੀ ਕੀਤੇ ਗਏ ਅਖ਼ੌਤੀ 'ਹੁਕਮਨਾਮੇ' ਦੀ ਵੀ ਸੰਗਤਾਂ ਕੋਈ ਪ੍ਰਵਾਹ ਨਹੀਂ ਕਰਨਗੀਆਂ ਅਤੇ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਸੇਵਾ ਕਾਰਣ ਜਿੱਥੇ 'ਸਪੋਕਸਮੈਨ' ਨੂੰ ਰੋਜ਼ਾਨਾ ਅਖ਼ਬਾਰ ਵਜੋਂ ਚਾਲੂ ਕਰਨ ਵਿੱਚ ਵੱਧ ਤੋਂ ਵੱਧ

ਸਹਿਯੋਗ ਦੇਣਗੀਆਂ, ਉੱਥੇ ਸ੍ਰ. ਜੋਗਿੰਦਰ ਸਿੰਘ ਪ੍ਰਤੀ ਆਪਣੇ ਸਤਿਕਾਰ ਦਾ ਪ੍ਰਗਟਾਵਾ ਕਰਨ ਵਿੱਚ ਵੀ ਕੋਈ ਕਸਰ ਨਹੀਂ ਛੱਡਣਗੀਆਂ। ਇਹ ਇਕੱਤਰਤਾ ਮਹਿਸੂਸ ਕਰਦੀ ਹੈ ਕਿ 'ਸਪੋਕਸਮੈਨ' ਅਤੇ ਇਸ ਦੇ ਮੁੱਖ ਸੰਪਾਦਕ ਸ੍ਰ. ਜੋਗਿੰਦਰ ਸਿੰਘ ਸ੍ਰੀ ਅਕਾਲ ਤਖ਼ਤ ਉੱਤੇ ਚਾਲੂ ਕੀਤੀ ਗਈ ਬ੍ਰਾਹਮਣਵਾਦੀ ਅਤੇ ਇਸਲਾਮੀ ਮਰਿਆਦਾ ਖ਼ਤਮ ਕਰ ਕੇ, ਗੁਰੂ ਵੱਲੋਂ ਬਖ਼ਸ਼ੀ ਗਈ ਸਿੱਖ ਮਰਿਆਦਾ ਨੂੰ ਲਾਗੂ ਕਰਵਾਉਣ ਦੀ ਲੜਾਈ ਸਾਰੇ ਪੰਥ ਵੱਲੋਂ ਇਸ ਦੇ ਸੇਵਕ ਵਜੋਂ ਲੜ ਰਹੇ ਹਨ ਤੇ ਇਸੇ ਲਈ ਬ੍ਰਾਹਮਣਵਾਦੀ ਸ਼ਕਤੀਆਂ ਅਤੇ ਆਰ.ਐਸ.ਐਸ. ਦੇ ਇਸ਼ਾਰਿਆਂ ਉੱਤੇ ਕੰਮ ਕਰਨ ਵਾਲੇ ਲੋਕਾਂ ਨੇ ਉਨ੍ਹਾਂ ਨੂੰ 'ਛੇਕਣ' ਦੀ ਬੇਅਸੂਲੀ ਅਤੇ ਸਿੱਖ ਸਿਧਾਂਤਾਂ ਨੂੰ ਪੈਰਾਂ ਹੇਠ ਰੋਲਣ ਵਾਲੀ ਕਾਰਵਾਈ ਕੀਤੀ ਹੈ। ਇਕੱਤਰਤਾ ਇਹ ਵੀ ਮਹਿਸੂਸ ਕਰਦੀ ਹੈ ਕਿ ਪੰਥਕ ਸੋਚ ਵਾਲੇ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ 'ਸਪੋਕਸਮੈਨ' ਅਤੇ ਇਸ ਦੇ ਮੁੱਖ ਸੰਪਾਦਕ ਸ੍ਰ. ਜੋਗਿੰਦਰ ਸਿੰਘ ਨੂੰ ਪੂਰਾ ਸਤਿਕਾਰ ਅਤੇ ਸਹਿਯੋਗ ਦੇਵੇ।

ਇਹ ਇਕੱਤਰਤਾ ਸ੍ਰ. ਗੁਰਤੇਜ ਸਿੰਘ ਕੋਲੋਂ ***ਪ੍ਰੋ.ਫ਼ੈਸਰ ਔਫ਼ ਸਿੱਖਇਜ਼ਮ*** ਦਾ ਖ਼ਿਤਾਬ ਵਾਪਸ ਲੈਣ ਦੇ ਫ਼ੈਸਲੇ ਦੀ ਵੀ ਰੱਜ ਕੇ ਨਿਖੇਧੀ ਕਰਦੀ ਹੈ ਅਤੇ ਮਹਿਸੂਸ ਕਰਦੀ ਹੈ ਕਿ ਅਜਿਹੀ ਮੰਗ ਕਰਨ ਦਾ ਅਧਿਕਾਰ ਪੁਜਾਰੀ ਸ਼੍ਰੇਣੀ ਅਰਥਾਤ ਗ੍ਰੰਥੀਆਂ ਕੋਲ ਕਦੇ ਵੀਂ ਨਹੀਂ ਸੀ। ਇਸ ਲਈ ਇਸ ਇਕੱਤਰਤਾ ਦੀ ਸਰਬਸੰਮਤੀ ਨਾਲ ਰਾਏ ਬਣਦੀ ਹੈ ਕਿ ਸ੍ਰ. ਗੁਰਤੇਜ ਸਿੰਘ ਉੱਤੇ ਪੁਜਾਰੀਆਂ ਦੇ ਫ਼ੈਸਲੇ ਦਾ ਕੋਈ ਅਸਰ ਨਹੀਂ ਤੇ ਉਹ ਪੰਥ ਦੀ ਨਜ਼ਰ ਵਿੱਚ ਉਦੋਂ ਤੱਕ ***ਪ੍ਰੋ.ਫ਼ੈਸਰ ਔਫ਼ ਸਿੱਖਇਜ਼ਮ*** ਹੀ ਬਣੇ ਰਹਿਣਗੇ ਜਦ ਤੱਕ ਕਿ ਸ਼੍ਰੋਮਣੀ ਕਮੇਟੀ, ਪੰਥ ਦੀ ਕੋਈ ਪ੍ਰਵਾਨਗੀ ਨਾਲ, ਵਿਧੀਵਤ ਤੌਰ 'ਤੇ ਅਜਿਹਾ ਫ਼ੈਸਲਾ ਆਪ ਨਹੀਂ ਕਰਦੀ। ਤਖ਼ਤਾਂ ਦੇ ਸੇਵਾਦਾਰਾਂ ਨੂੰ ਕਿਉਂਕਿ ਅਜਿਹਾ ਕੋਈ ਫ਼ੈਸਲਾ ਕਰਨ ਦਾ ਅਧਿਕਾਰ ਹੀ ਪ੍ਰਾਪਤ ਨਹੀਂ ਹੈ, ਇਸ ਲਈ ਉਨ੍ਹਾਂ ਵੱਲੋਂ ਗ਼ਲਤ ਤੌਰ 'ਤੇ ਲਿਆ ਗਿਆ ਇਹ ਫ਼ੈਸਲਾ ਵੀ ਰੱਦ ਕੀਤਾ ਜਾਂਦਾ ਹੈ।

**ਟਿੱਪਣੀ**: *1. ਲਫਜ਼ '... ਦੇਸ਼ ਦੇ ਕੋਨੇ ਕੋਨੇ ਤੋਂ ਆ ਕੇ ...', '... ਹਜ਼ਾਰਾਂ ਪਾਠਕਾਂ ਅਤੇ ਪ੍ਰੇਮੀਆਂ...' (ਮਤਾ ਨੰ. 1, 2)। 'ਇਤਿਹਾਸਿਕ ਇਕੱਤਰਤਾ' (ਮਤਾ ਨੰ. 3, 4, 5), ਵਿਸ਼ਾਲ ਇਕੱਤਰਤਾ (ਮਤਾ ਨੰ. 6) ਆਪਣੇ ਮੂੰਹ ਮੀਆਂ ਮਿੱਠੂ ਬਣਨ ਦਾ ਯਤਨ ਹੈ। ਇਹਨਾਂ ਸ਼ਬਦਾਂ ਦੀ ਵਰਤੋਂ ਬੇਲੋੜੀ ਵੀ ਹੈ।*

*ਇਹ ਇੱਕ ਭਰਮ ਹੈ ਕਿ ਕੇਵਲ 'ਸਪੋਕਸਮੈਨ ਦਾ ਸੰਪਾਦਕ' ਹੀ ਸਿੱਖ ਧਰਮ ਵਿੱਚ ਆਈਆਂ ਕੁਰੀਤੀਆਂ ਵਿਰੁੱਧ ਲੜ ਰਿਹਾ ਹੈ — ਜਿਹਾ ਕਿ ਏਸ ਮਤੇ ਵਿੱਚ ਪ੍ਰਭਾਵ ਦਿੱਤਾ ਗਿਆ ਹੈ। ਅਨੇਕਾਂ ਐਸੇ ਗੁਰੂ-ਸਵਾਰੇ ਹਨ ਜੋ ਅਮਲ ਦੇ ਮੈਦਾਨ ਵਿੱਚ ਕਈ ਦਹਾਕਿਆਂ ਤੋਂ ਉੱਤਰੇ ਹੋਏ ਹਨ ਅਤੇ ਨੰਗੇ ਧੜ ਲੜ ਰਹੇ ਹਨ। ਉਹ ਕੇਵਲ ਏਸ ਵਿੱਚੋਂ ਵਪਾਰਕ ਲਾਭ ਜਾਂ ਆਪਣੀ ਉਸਤਤੀ ਕੱਢਣ ਨੂੰ ਨਖਿੱਧ ਕਰਮ ਜਾਣਦੇ ਹਨ।*

**ਮਤਾ ਨੰ: 2**

ਅੱਜ 11 ਅਪ੍ਰੈਲ 2004 ਨੂੰ ਦੇਸ਼ ਦੇ ਕੋਨੇ-ਕੋਨੇ ਤੋਂ ਆ ਕੇ ਚੰਡੀਗੜ੍ਹ ਵਿਖੇ ਇੱਕਤਰ ਹੋਏ ਸਪੋਕਸਮੈਨ ਦੇ ਹਜ਼ਾਰਾਂ ਪ੍ਰੇਮੀਆਂ ਤੇ ਪਾਠਕਾਂ ਨੇ ਇਹ ਗੱਲ ਬੜੇ ਦੁਖੀ ਹਿਰਦੇ ਨਾਲ ਨੋਟ ਕੀਤੀ ਹੈ ਕਿ ਵਿਦਵਾਨਾਂ ਅਤੇ ਪ੍ਰਮੁੱਖ ਹਸਤੀਆਂ ਵੱਲੋਂ ਦੋ ਸਾਲ ਦੀ ਲਗਾਤਾਰ ਮਿਹਨਤ ਦੇ ਬਾਵਜੂਦ, ਤਖ਼ਤਾਂ ਦੇ ਸੇਵਾਦਾਰ ਉਨ੍ਹਾਂ ਨੂੰ ਇਹ ਦੱਸਣ ਲਈ ਤਿਆਰ ਨਹੀਂ ਹੋ ਸਕੇ ਕਿ ਸਿੱਖਾਂ ਨੂੰ ਅਕਾਲ ਤਖ਼ਤ ਉੱਤੇ ਮਨੁੱਖਾਂ ਦੀ ਹਜ਼ੂਰੀ ਵਿੱਚ ਪੇਸ਼ ਹੋਣ ਲਈ ਸੱਦਣ, ਕਚਹਿਰੀ ਲਾ ਕੇ ਬੈਠਣ ਅਤੇ ਚੰਗੇ ਭਲੇ ਸ਼ਰਧਾਵਾਨ ਸਿੱਖਾਂ ਨੂੰ ਪੰਥ 'ਚੋਂ ਛੇਕਣ ਦੀ ਜੋ ਕਾਰਵਾਈ ਕਰਨ ਵਿੱਚ ਉਹ ਲੋਕ ਰੁੱਝੇ ਹੋਏ ਹਨ, ਇਹ ਕਾਰਵਾਈ ਕਰਨ ਦਾ ਅਧਿਕਾਰ ਉਨ੍ਹਾਂ ਨੂੰ ਕਿੱਥੋਂ, ਕਦੋਂ ਤੇ ਕਿਵੇਂ ਪ੍ਰਾਪਤ ਹੋਇਆ ? ਇਸ ਸਬੰਧੀ ਲਿਖੀ ਗਈ ਕਿਸੇ ਚਿੱਠੀ ਦਾ ਨਾ ਉਹ ਆਪ ਜਵਾਬ ਦੇਂਦੇ ਹਨ, ਨਾ ਸ਼੍ਰੋਮਣੀ ਕਮੇਟੀ ਵਾਲੇ ਤੇ ਨਾ ਹੀ ਕੋਈ ਹੋਰ। 'ਸਪੋਕਸਮੈਨ' ਵੱਲੋਂ ਇਸ ਸਬੰਧ ਵਿੱਚ ਕਈ ਪੇਸ਼ਕਸਾਂ ਵੀ ਕੀਤੀਆਂ ਗਈਆਂ ਪਰ ਉਨ੍ਹਾਂ ਨੇ ਕਿਸੇ ਪ੍ਰਤੀ ਵੀ ਕੋਈ ਹੁੰਗਾਰਾ ਨਹੀਂ ਦਿੱਤਾ ਅਤੇ ਧੱਕੇਸ਼ਾਹੀ ਕਰਨ ਦੀ ਜ਼ਿੱਦ ਤੇ ਅੜੇ ਰਹੇ। ਦੂਜੀਆਂ ਕੌਮਾਂ ਅੰਦਰ ਵੀ ਇਹੀ ਪ੍ਰਭਾਵ ਬਣ ਰਿਹਾ ਹੈ ਕਿ ਅਕਾਲ ਤਖ਼ਤ ਉੱਤੇ ਕੋਈ ਦਲੀਲ, ਅਪੀਲ ਅਤੇ ਵਕੀਲ ਕੰਮ ਨਹੀਂ ਕਰਦੇ ਤੇ ਇੱਥੇ ਸਿਆਸਤਦਾਨਾਂ ਤੇ ਉਨ੍ਹਾਂ ਦੇ ਚਹੇਤੇ ਗ੍ਰੰਥੀਆਂ ਦੀ ਧੱਕੇਸ਼ਾਹੀ ਹੀ ਚੱਲਦੀ ਹੈ। ਇਸ ਨਾਲ ਅਕਾਲ ਤਖ਼ਤ ਦੇ ਵਕਾਰ ਨੂੰ ਡਾਢੀ ਸੱਟ ਲੱਗ ਰਹੀ ਹੈ ਜਿਸ ਦਾ ਸਾਰਾ ਦੋਸ਼ ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਸਿਆਸੀ ਲੋਕਾਂ ਅਤੇ ਉਨ੍ਹਾਂ ਦੇ ਇਸ਼ਾਰਿਆਂ ਉੱਤੇ ਨੱਚਣ ਵਾਲੇ ਪੁਜਾਰੀਆਂ (ਗ੍ਰੰਥੀਆਂ) ਦੇ ਸਿਰ ਆਉਂਦਾ ਹੈ। ਇਹ ਇਕੱਤਰਤਾ ਮਹਿਸੂਸ ਕਰਦੀ ਹੈ ਕਿ ਉਪਰੋਕਤ ਹਾਲਾਤ ਵਿੱਚ ਅਕਾਲ ਤਖ਼ਤ ਸਿਆਸਤਦਾਨਾਂ ਅਤੇ ਪੁਜਾਰੀਆਂ ਦੀ ਕੈਦ ਵਿੱਚ ਜਕੜੀ ਗਈ ਇੱਕ ਸੰਸਥਾ ਬਣ ਕੇ ਰਹਿ ਗਈ ਹੈ ਤੇ ਅਕਾਲ ਤਖ਼ਤ ਨੂੰ ਇਨ੍ਹਾਂ ਲੋਕਾਂ ਤੋਂ ਆਜ਼ਾਦ ਕਰਵਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਇਹ ਇਕੱਤਰਤਾ ਮਹਿਸੂਸ ਕਰਦੀ ਹੈ ਕਿ ਅਕਾਲ ਤਖ਼ਤ ਨੂੰ ਇਨ੍ਹਾਂ ਲੋਕਾਂ ਤੋਂ ਆਜ਼ਾਦ ਕਰਵਾਉਣ ਦੇ ਸਾਰੇ ਹੀਲੇ ਨਾਕਾਮ ਹੋ ਜਾਣ ਉਪਰੰਤ ਅਤੇ ਪੁਜਾਰੀ ਸ਼੍ਰੇਣੀ ਵੱਲੋਂ ਆਪਣੇ ਹੱਠੀ ਰਵੱਈਏ ਵਿੱਚ ਕੋਈ ਤਬਦੀਲੀ ਨਾ ਕਰਨ ਦੀ ਜਿਦ ਫੜਨ ਮਗਰੋਂ, ਅੰਤਮ ਹੀਲੇ ਵਜੋਂ ਅਦਾਲਤ ਦਾ ਦਰਵਾਜ਼ਾ ਖਟਖਟਾਉਣਾ ਜ਼ਰੂਰੀ ਹੋ ਗਿਆ ਹੈ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿ ਅੱਜ ਅਕਾਲ ਤਖ਼ਤ ਦੇ ਪੁਜਾਰੀ ਜਾਂ 'ਸੇਵਾਦਾਰ' ਗੁਰਦਵਾਰਾ ਐਕਟ ਦੀਆਂ ਧਾਰਾਵਾਂ ਹੇਠ ਤਨਖ਼ਾਹਾਂ ਅਤੇ ਭੱਤੇ ਪ੍ਰਾਪਤ ਕਰਦੇ ਹਨ ਪਰ ਕੰਮ ਸਾਰੇ ਉਹ ਕਰਦੇ ਹਨ ਜੋ ਇਸ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਦੇ ਹਨ, ਇਸ ਲਈ ਗ਼ੈਰ-ਕਾਨੂੰਨੀ ਹਨ।

ਇਹ ਇਕੱਤਰਤਾ 'ਸਪੋਕਸਮੈਨ' ਅਤੇ ਇਸ ਦੇ ਪ੍ਰਬੰਧਕਾਂ ਨੂੰ ਇਸ ਗੱਲ ਦੀ ਪ੍ਰਵਾਨਗੀ ਦੇਂਦੀ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿਆਸਤਦਾਨਾਂ ਅਤੇ ਉਨ੍ਹਾਂ ਦੇ ਚਹੇਤੇ ਪੁਜਾਰੀਆਂ ਦੀ ਗ੍ਰਿਫ਼ਤ 'ਚੋਂ ਆਜ਼ਾਦ ਕਰਨ ਅਤੇ ਅਕਾਲ ਤਖ਼ਤ ਦੀ ਦੁਰਵਰਤੋਂ ਰੋਕਣ ਲਈ ਅਦਾਲਤ ਦੀ ਮਦਦ ਜ਼ਰੂਰ ਪ੍ਰਾਪਤ ਕਰਨ ਪਰ ਅਦਾਲਤ ਵਿੱਚੋਂ ਇਹ ਕੇਸ ਉਸ ਹਾਲਤ

ਵਿੱਚ ਵਾਪਸ ਲੈ ਲਿਆ ਜਾਵੇ ਜਦੋਂ ਹੇਠ ਲਿਖੀਆਂ ਜਥੇਬੰਦੀਆਂ, ਸੰਸਥਾਵਾਂ ਅਤੇ ਵਿਅਕਤੀਆਂ ਉੱਤੇ ਆਧਾਰਤ ਬੋਰਡ, ਖੁੱਲ੍ਹੀ ਵਿਚਾਰ-ਚਰਚਾ ਮਗਰੋਂ, ਇਹ ਨਿਰਣਾ ਤਿੰਨ ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਤਿਆਰ ਹੋ ਜਾਵੇ ਕਿ ਸਿੱਖ ਧਰਮ ਪੁਜਾਰੀ ਸ਼੍ਰੇਣੀ (ਗ੍ਰੰਥੀਆਂ) ਨੂੰ ਗੁਰਦੁਆਰੇ ਅੰਦਰ ਆਪਣੀ ਹਜ਼ੂਰੀ ਵਿੱਚ ਪੇਸ਼ ਹੋਣ ਲਈ ਸੱਦਣ, ਕਚਹਿਰੀ ਲਾਉਣ, 'ਹੁਕਮਨਾਮੇ' ਜਾਰੀ ਕਰਨ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਚੁਣੌਤੀ ਦੇਣ ਵਾਲੇ ਕਿਸੇ ਸਿੱਖ ਨੂੰ ਪੰਥ 'ਚੋਂ ਛੇਕਣ ਦਾ ਅਧਿਕਾਰ ਦੇਂਦਾ ਵੀ ਹੈ ਜਾਂ ਨਹੀਂ। ਬੋਰਡ ਵਿੱਚ ਇਹ ਲੋਕ ਸ਼ਾਮਲ ਕੀਤੇ ਜਾਣ:

1. ਸ਼੍ਰੋਮਣੀ ਗੁ. ਪ੍ਰ. ਕਮੇਟੀ : ਗੁਰਮਤਿ ਦਾ ਚੰਗਾ ਵਿਦਵਾਨ ਇੱਕ ਪ੍ਰਤੀਨਿਧ
2. ਦਿੱਲੀ ਗੁ. ਪ੍ਰ. ਕਮੇਟੀ: ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ
3. ਨਾਰਥ ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ
4. ਚੀਫ਼ ਖਾਲਸਾ ਦੀਵਾਨ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ
5. ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਕਰ ਚੁੱਕੇ ਸਿੱਖ ਇਤਿਹਾਸਕਾਰ : ਖੁਸ਼ਵੰਤ ਸਿੰਘ, ਡਾ. ਸੰਗਤ ਸਿੰਘ ਤੇ ਡਾ. ਕ੍ਰਿਪਾਲ ਸਿੰਘ।
6. ਅਕਾਲ ਤਖ਼ਤ ਸਬੰਧੀ ਖੋਜ ਪੁਸਤਕਾਂ ਦੇ ਲੇਖਕ : ਡਾ. ਹਰਜਿੰਦਰ ਸਿੰਘ ਦਿਲਗੀਰ, ਡਾ. ਬਲਕਾਰ ਸਿੰਘ ਅਤੇ ਸ੍ਰ. ਮਹਿੰਦਰ ਸਿੰਘ ਜੋਸ਼।
7. ਸਿੱਖ ਸੋਸਾਇਟੀ ਆਫ਼ ਯੂ.ਕੇ., ਲੰਡਨ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ
8. ਮਿਸ਼ਨਰੀ ਕਾਲਜ : ਮਿਸ਼ਨਰੀ ਕਾਲਜ, ਅੰਮ੍ਰਿਤਸਰ; ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਅਤੇ ਮਾਤਾ ਸਾਹਿਬ ਕੌਰ ਗੁਰਮਤਿ ਕਾਲਜ, ਫਰੀਦਾਬਾਦ ਦਾ ਇੱਕ-ਇੱਕ ਪ੍ਰਤੀਨਿਧ।
9. ਦੋ ਰੀਟਾਇਰਡ ਸਿੱਖ ਜੱਜ : ਜਸਟਿਸ ਕੁਲਦੀਪ ਸਿੰਘ ਤੇ ਜਸਟਿਸ ਆਰ.ਐਸ. ਨਰੂਲਾ।
10. ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਇੱਕੋ-ਇੱਕ ਜੀਵਤ ਮੋਢੀ : ਡਾ. ਸੰਤੋਖ ਸਿੰਘ ਭੂਪਾਲ।
11. ਸਿੱਖ ਪੱਤਰਕਾਰ : 'ਅੱਜ ਦੀ ਆਵਾਜ਼' ਦੇ ਐਡੀਟਰ ਸੁਖਦੇਵ ਸਿੰਘ ਅਤੇ 'ਸਿੱਖ ਰੀਵਿਊ' ਦੇ ਐਡੀਟਰ ਸਰਨ ਸਿੰਘ।
12. ਪ੍ਰੋਫ਼ੈਸਰ ਔਫ਼ ਸਿੱਖਇਜ਼ਮ : ਸ੍ਰ. ਗੁਰਤੇਜ ਸਿੰਘ (ਗ੍ਰੰਥੀ ਸਿੰਘ ਇਹ ਉਪਾਧੀ ਵਾਪਸ ਨਹੀਂ ਲੈ ਸਕਦੇ)
13. ਸਪੋਕਸਮੈਨ ਟਰਸਟ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।
14. ਹਰਿਆਣਾ ਸਿੱਖ ਫ਼ੋਰਮ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।
15. ਖ਼ਾਲਸਾ ਦਰਬਾਰ ਹਾਂਗਕਾਂਗ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।
16. ਮੱਧਿਆ ਪ੍ਰਦੇਸ਼ ਕੇਂਦਰੀ ਸਿੰਘ ਸਭਾ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।
17. ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਪੜ੍ਹਾ ਰਹੇ ਸਿੱਖ ਪ੍ਰੋਫ਼ੈਸਰ : ਪ੍ਰੋ. ਆਈ.ਜੇ. ਸਿੰਘ, ਨਿਊ ਯਾਰਕ
18. ਸਿੱਖ ਗੁਰਦਵਾਰਾ ਜਲਾਨ, ਮਲੇਸ਼ੀਆ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।
19. ਵਰਲਡ ਸਿੱਖ ਯੂਨੀਵਰਸਿਟੀ, ਲੰਡਨ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।
20. ਯੂ.ਪੀ. ਸਿੱਖ ਪ੍ਰਤੀਨਿਧ ਬੋਰਡ : ਉਪਰੋਕਤ ਅਨੁਸਾਰ ਇੱਕ ਪ੍ਰਤੀਨਿਧ।

ਉਪਰੋਕਤ ਸੱਜਣ ਜੇ ਸਰਬੱਤ ਖ਼ਾਲਸਾ ਦੀ ਤਰਜ਼ 'ਤੇ ਪੂਰੀ ਨਿਰਪੱਖਤਾ ਨਾਲ, ਸਹੁੰ ਚੁੱਕ ਕੇ ਗੁਰਮਤਿ ਦੀ ਰੌਸ਼ਨੀ ਵਿੱਚ ਤਖ਼ਤਾਂ ਦੇ ਗ੍ਰੰਥੀਆਂ ਦੇ ਅਧਿਕਾਰਾਂ ਤੇ ਕਰਤਵਾਂ ਬਾਰੇ ਨਿਰਣਾ ਦੇਣ ਲਈ ਤਿਆਰ ਹੋ ਜਾਣ ਤਾਂ ਅਦਾਲਤ ਵਿੱਚੋਂ ਕੇਸ ਵਾਪਸ ਲੈ ਲਿਆ ਜਾਵੇ ਜਾਂ ਰੀਪੋਰਟ ਪ੍ਰਾਪਤ ਹੋਣ ਤੱਕ ਅਦਾਲਤੀ ਕਾਰਵਾਈ ਰੋਕ ਦਿੱਤੀ ਜਾਵੇ। ਜੇ ਸ਼੍ਰੋਮਣੀ ਕਮੇਟੀ, ਪੰਥਕ ਪ੍ਰੰਪਰਾਵਾਂ ਅਨੁਸਾਰ, ਸਿੱਖ ਸਿਧਾਂਤ ਨੂੰ ਸਪਸ਼ਟ ਕਰਨ ਲਈ ਤਿਆਰ ਨਾ ਹੋਵੇ ਤਾਂ ਅਦਾਲਤੀ ਕਾਰਵਾਈ ਦੇ ਨਾਲ-ਨਾਲ ਹਰ ਪ੍ਰਕਾਰ ਦੀ ਕਾਰਵਾਈ ਉਦੋਂ ਤੱਕ ਜਾਰੀ ਰੱਖੀ ਜਾਵੇ ਜਦ ਤੱਕ ਸ੍ਰੀ ਅਕਾਲ ਤਖ਼ਤ ਉੱਪਰ ਉਹ ਮਰਿਆਦਾ ਨਹੀਂ ਲਾਗੂ ਹੋ ਜਾਂਦੀ ਜਿਸ ਦੀ ਸੋਝੀ ਆਪ ਦਸਮੇਸ਼ ਪਿਤਾ ਸਿੱਖਾਂ ਨੂੰ ਕਰਵਾ ਗਏ ਸਨ ਤੇ ਕਾਫ਼ੀ ਦੇਰ ਤੱਕ ਅਕਾਲ ਤਖ਼ਤ ਉੱਤੇ ਲਾਗੂ ਵੀ ਰਹੀ ਸੀ।

**ਮਤਾ ਨੰ: 3**

11 ਅਪ੍ਰੈਲ 2004 ਨੂੰ ਚੰਡੀਗੜ੍ਹ ਵਿੱਚ ਸਪੋਕਸਮੈਨ ਦੇ ਦਫ਼ਤਰ ਵਿੱਚ ਹੋਈ ਇਹ ਇਤਿਹਾਸਕ ਇਕੱਤਰਤਾ ਇਸ ਗੱਲ ਦੀ ਪ੍ਰਵਾਨਗੀ ਦੇਂਦੀ ਹੈ ਕਿ ਪੁਜਾਰੀਆਂ ਅਤੇ ਸਿਆਸਤਦਾਨਾਂ ਵੱਲੋਂ ਅਪਣੀ ਸਰਦਾਰੀ ਕਾਇਮ ਕਰਨ ਲਈ ਸਿੱਖ ਧਰਮ ਨੂੰ ਇੱਕ ਪਛੜਿਆ ਹੋਇਆ ਤੇ ਪੁਰਾਤਨ ਯੁੱਗ ਦਾ ਧਰਮ ਸਾਬਤ ਕਰਨ ਦੇ ਯਤਨਾਂ ਨੂੰ ਠੱਲ੍ਹ ਪਾਉਣ ਲਈ ਛੇਤੀ ਹੀ ਸ੍ਰ. ਖੁਸ਼ਵੰਤ ਸਿੰਘ ਅਤੇ ਬੰਗਲਾਦੇਸ਼ੀ ਲੇਖਕਾ ਤਸਲੀਮਾ ਨਸਰੀਨ ਦੀ ਪ੍ਰਧਾਨਗੀ ਹੇਠ 21ਵੀਂ ਸਦੀ ਵਿੱਚ ਪੁਜਾਰੀ ਸ਼੍ਰੇਣੀ ਬਨਾਮ ਲੇਖਕ, ਪੱਤਰਕਾਰ' ਵਿਸ਼ੇ ਉੱਤੇ ਇੱਕ ਸੈਮੀਨਾਰ ਕਰਵਾਇਆ ਜਾਏ ਜਿਸ ਵਿੱਚ ਦੇਸ਼ ਦੇ ਉੱਘੇ ਲੇਖਕਾਂ, ਪੱਤਰਕਾਰਾਂ ਨੂੰ ਬੁਲਾਇਆ ਜਾਵੇ ਤੇ 'ਛੇਕੇ ਜਾਣ' ਦੀ ਲਾਹਨਤ ਨੂੰ ਖ਼ਤਮ ਕਰਨ ਲਈ ਇਨ੍ਹਾਂ ਉੱਘੇ ਲੇਖਕਾਂ, ਪੱਤਰਕਾਰਾਂ, ਸੰਪਾਦਕਾਂ ਦਾ ਸਹਿਯੋਗ ਲਿਆ ਜਾਏ। ਇਸ ਪ੍ਰੋਗਰਾਮ ਦਾ ਪ੍ਰਬੰਧ ਸਪੋਕਸਮੈਨ ਟਰਸਟ ਵੱਲੋਂ ਕੀਤਾ ਜਾਏਗਾ।

**ਟਿੱਪਣੀ:** ***ਮਤੇ ਨੰਬਰ 3 ਦਾ ਬਹੁਤਾ ਭਾਗ ਸਖ਼ਤ ਇਤਰਾਜ਼ਯੋਗ ਹੈ। ਖੁਸ਼ਵੰਤ ਸਿੰਘ ਆਪਣੇ-ਆਪ ਨੂੰ ਸਿੱਖ ਤਸਲੀਮ ਹੀ ਨਹੀਂ ਕਰਦਾ ਅਤੇ ਨਾ ਹੀ ਸਿੱਖ ਧਰਮ ਦੀ ਵਾਕਫੀਅਤ ਰੱਖਦਾ ਹੈ। ਉਹ ਤਾਂ ਮੂਲ ਰੂਪ ਵਿੱਚ ਸਿੱਖ ਕਦਰਾਂ-ਕੀਮਤਾਂ ਵਿਰੁੱਧ ਲਿਖਣ ਲਈ ਅਤੇ ਬੀਬੀਆਂ ਦੇ ਨਖਸ਼ਿਖ ਵਰਣਨ ਲਈ ਜਾਣਿਆ ਜਾਂਦਾ ਹੈ। ਆਪਣਾ ਇਹ ਸਰੂਪ ਓਸ ਨੇ ਬੜੀ ਸ਼ਿੱਦਤ ਨਾਲ ਮੀਡੀਏ ਦੀ ਸਹਾਇਤਾ ਨਾਲ ਉਸਾਰਿਆ ਹੈ। ਮੌਜੂਦਾ ਵਾਦ-ਵਿਵਾਦ ਦਾ ਪ੍ਰਮੁੱਖ ਵਿਚਾਰ ਸਿੱਖ ਧਰਮ ਦੀਆਂ ਆਦਿ ਕਾਲ ਤੋਂ ਚੱਲੀਆਂ ਆਉਂਦੀਆ***

*ਕਦਰਾਂ-ਕੀਮਤਾਂ ਸਥਾਪਤ ਕਰਨ ਨਾਲ ਸਬੰਧਤ ਹੈ। ਖ਼ੁਸ਼ਵੰਤ ਸਿੰਘ ਕਿਸ ਤਰੀਕੇ ਨਾਲ ਸਹਾਇਤਾ ਕਰੇਗਾ ?*

*ਬੀਬੀ ਤਸਲੀਮਾ ਨਸਰੀਨ ਇਸਲਾਮ ਦੀਆਂ ਉਹਨਾਂ 'ਕੁਰੀਤੀਆਂ' ਵਿਰੁੱਧ ਜਹਾਦ ਕਰ ਰਹੀ ਹੈ ਜੋ ਕਿ ਜ਼ਾਹਰਾ ਤੌਰ ਉੱਤੇ ਇਸਲਾਮ ਦਾ ਅੰਗ ਹਨ। ਬਹੁਤੇ ਮੁਸਲਮਾਨ ਉਸ ਨੂੰ ਇਸਲਾਮ-ਵਿਰੋਧੀ ਅਤੇ ਇਸਾਈ ਮੱਤ ਨਾਲ ਚੱਲ ਰਹੀ ਟੱਕਰ ਵਿੱਚ ਦੁਸ਼ਮਣ ਦਾ ਹੱਥਠੋਕਾ ਗਰਦਾਨਦੇ ਹਨ ਜਿਵੇਂ ਕਿ ਸਲਮਾਨ ਰਸ਼ਦੀ ਨੂੰ। ਮੌਜੂਦਾ ਸਿੱਖ ਸੰਘਰਸ਼ ਦਾ ਮੁੱਦਾ ਹੈ ਕਿ ਸਿੱਖ ਧਰਮ ਵਿੱਚ ਕੁਰੀਤੀਆਂ ਲਈ, ਗੁਰ-ਹੁਕਮਾਂ ਅਨੁਸਾਰ, ਕੋਈ ਸਥਾਨ ਨਹੀਂ। ਇਹ ਬੀਬੀ, ਜਿਸ ਨੂੰ ਇਸਲਾਮ ਦੇ ਵਿਰੋਧੀ ਹੋਰ ਕੰਮ ਲਈ ਵਰਤ ਰਹੇ ਹਨ, ਕਿਵੇਂ ਏਥੇ ਤਰਕਸੰਗਤ ਗੱਲ ਕਰੇਗੀ ?*

*ਜੇ ਏਸ ਨੇ ਓਹੋ ਕੁਹਾੜਾ ਲੈ ਕੇ ਵਾਹੁਣਾ ਸ਼ੁਰੂ ਕਰ ਦਿੱਤਾ ਤਾਂ ਕੀ ਇਹ ਸਿੱਖ ਮੱਤ ਦੀ ਬਦਨਾਮੀ ਦਾ ਕਾਰਣ ਨ ਬਣੇਗੀ ? ਜਿਹੜੇ ਓਸ ਨੂੰ ਇਸਲਾਮ ਦੇ ਵਿਰੋਧ ਵਿੱਚ ਵਰਤ ਰਹੇ ਹਨ, ਉਹ ਸਿੱਖੀ ਦੇ ਵੀ ਦੋਸਤ ਨਹੀਂ। ਜੇ ਉਹਨਾਂ ਵਿੱਚੇ ਰੰਬਾ ਰੱਖਣ ਦੀ ਨੀਤੀ ਤਹਿਤ ਸਿੱਖ ਮੰਚ ਤੋਂ ਓਸ ਨੂੰ ਸਿੱਖੀ-ਵਿਰੋਧੀ ਪ੍ਰਚਾਰ ਲਈ ਵਰਤਣਾ ਸ਼ੁਰੂ ਕਰ ਦਿੱਤਾ ਤਾਂ ਕੀ ਓਸ ਦੇ ਹੱਥ ਆਪਣੀ ਦਾੜ੍ਹੀ ਫੜਾਉਣਾ ਜ਼ਿੰਮੇਵਾਰੀ ਦਾ ਕਰਮ ਜਾਣਿਆ ਜਾਵੇਗਾ ?*

*'ਉੱਘੇ ਲੇਖਕ ਪੱਤਰਕਾਰ', ਜੋ ਬੁਲਾਏ ਜਾਣੇ ਹਨ, ਸਭ ਕਿਸਮ ਦੇ ਹੋਣਗੇ। ਕੀ ਇਹਨਾਂ ਨੂੰ ਸਿੱਖ ਧਰਮ ਬਾਰੇ ਓਸੇ ਤਰ੍ਹਾਂ ਨਾਲ ਸੁਹਿਰਦ ਸਮਝਿਆ ਜਾ ਸਕਦਾ ਹੈ ਜਿਸ ਤਰ੍ਹਾਂ ਮਸਲਨ ਖ਼ਾਲਸਾ ਪੰਚਾਇਤ ਵਾਲੇ ਜਾਂ ਮਿਸ਼ਨਰੀ ਹਨ ? ਜੇ ਨਹੀਂ, ਤਾਂ ਉਹਨਾਂ ਨੂੰ ਕੀ ਅਧਿਕਾਰ ਹੈ ਕਿ ਸਿੱਖ ਧਰਮ ਬਾਰੇ ਕੱਚੀਆਂ ਟਿੱਪਣੀਆਂ ਕਰ ਕੇ ਵਾਧੂ ਵਿਵਾਦ ਪੈਦਾ ਕਰਨ ? ਦੂਜਾ ਪੱਖ ਇਹ ਹੈ ਕਿ ਅਜੇ ਤੱਕ ਇਹਨਾਂ ਪੱਤਰਕਾਰਾਂ/ਸੰਪਾਦਕਾਂ ਆਦਿ ਵਿੱਚੋਂ ਇੱਕ-ਅੱਧ ਨੂੰ ਛੱਡ ਕੇ ਕਿਸੇ ਨੇ ਵੀ ਚੱਲ ਰਹੇ ਸੰਘਰਸ਼ ਉੱਤੇ ਸਾਰਥਕ ਟਿੱਪਣੀ ਨਹੀਂ ਕੀਤੀ। ਏਸ ਦਾ ਗੁੱਝਾ ਭਾਵ ਇਹ ਹੈ ਕਿ ਸਿੱਖ ਧਰਮ ਨੂੰ ਆਪਣੇ ਅਸਲ ਜਾਹੋ-ਜਲਾਲ ਵਿੱਚ ਪ੍ਰਗਟ ਹੁੰਦਾ ਵੇਖਣ ਵਿੱਚ ਇਹਨਾਂ ਦੀ ਦਿਲਚਸਪੀ ਨਹੀਂ — ਸੁਧਾਰਵਾਦੀਆਂ ਦਾ ਆਖ਼ਰੀ ਨਿਸ਼ਾਨਾ ਅਜੇਹੇ ਸਿੱਖੀ-ਗੌਰਵ ਨੂੰ ਸਥਾਪਤ ਕਰਨਾ ਹੈ। ਅੱਗ ਅਤੇ ਪਾਣੀ ਦਾ ਮੇਲ ਕਿਵੇਂ 'ਸੈਮੀਨਾਰ' ਵਿੱਚ ਹੋਵੇਗਾ ?*

*ਆਪਣੇ ਘਰ ਦੀ ਲੜਾਈ, ਜੋ ਬਹੁਤ ਠੀਕ ਲੀਹਾਂ ਉੱਤੇ ਚੱਲ ਰਹੀ ਹੈ, ਵਿੱਚ ਦੁਸ਼ਮਣ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰਨਾ ਹਰ ਪੱਖੋਂ ਗ਼ੈਰ ਵਾਜਬ ਹੈ।*

**ਮਤਾ ਨੰ: 4**

11 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ 'ਸਪੋਕਸਮੈਨ' ਦੇ ਖੁੱਲ੍ਹੇ ਵਿਹੜੇ ਵਿੱਚ ਹੋਈ ਇਹ ਇਤਿਹਾਸਕ ਇਕੱਤਰਤਾ ਦੀਰਘ ਵਿਚਾਰ-ਵਟਾਂਦਰੇ ਮਗਰੋਂ ਸਿਫ਼ਾਰਸ਼ ਕਰਦੀ ਹੈ ਕਿ ਪਿਛਲੇ ਸਾਲ ਵਾਂਗ ਇਸ ਸਾਲ ਵੀ ਦੀਵਾਲੀ ਦੇ ਮੌਕੇ ਦੂਜੀਆਂ ਪੰਥਕ ਜਥੇਬੰਦੀਆਂ ਤੇ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰ ਕੇ ਦੂਜੀ ਵਰਲਡ ਸਿੱਖ ਕਨਵੈਨਸ਼ਨ ਅਤੇ 'ਸਰਬੱਤ ਖ਼ਾਲਸਾ' ਤਰਜ਼ 'ਤੇ ਸੈਸ਼ਨ ਸਾਂਝੇ ਤੌਰ 'ਤੇ ਬੁਲਾਏ ਜਾਣ। ਇਕੱਤਰਤਾ ਦਾ ਮੱਤ ਸੀ ਕਿ ਦੂਜੀ ਸਿੱਖ ਕਨਵੈਨਸ਼ਨ ਬਹੁਤ ਵੱਡੇ ਪੱਧਰ 'ਤੇ ਬੁਲਾਈ ਜਾਵੇ, ਦੂਜੀਆਂ ਸਾਰੀਆਂ ਪੰਥਕ ਜਥੇਬੰਦੀਆਂ, ਸੰਸਥਾਵਾਂ ਨਾਲ ਵਿਚਾਰ-ਵਟਾਂਦਰਾ ਕਰਨ ਮਗਰੋਂ ਪੂਰਨ ਸਹਿਮਤੀ ਨਾਲ ਫ਼ੈਸਲੇ ਲਏ ਜਾਣ ਅਤੇ ਦੂਜੇ ਸੂਬਿਆਂ, ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਵੀ ਇਸ ਦੀ ਤਿਆਰੀ ਵਿੱਚ ਸ਼ਾਮਲ ਕੀਤਾ ਜਾਏ।

**ਟਿੱਪਣੀ:** *ਏਸ ਮਤੇ ਵਿੱਚ 'ਸਰਬੱਤ ਖ਼ਾਲਸਾ ਤਰਜ਼' ਲਫ਼ਜ਼ ਨਾ ਵਰਤੇ ਜਾਂਦੇ ਤਾਂ ਬਿਹਤਰ ਹੁੰਦਾ। ਇਹ ਕਾਫ਼ੀ ਵਾਦ-ਵਿਵਾਦ ਦਾ ਵਿਸ਼ਾ ਰਹੇ ਅਤੇ ਇਹਨਾਂ ਕਾਰਣ ਵੱਡੀਆਂ ਗ਼ਲਤ ਫਹਿਮੀਆਂ ਪੈਦਾ ਹੋਈਆਂ। ਇਹ ਸ਼ਬਦ 'ਆ ਬੈਲ ਮੁਝੇ ਮਾਰ' ਨੀਤੀ ਦੀ ਅਗਵਾਨੀ ਕਰਦੇ ਹਨ। ਲੰਬੀ ਲੜਾਈ ਵਿੱਚ ਪਲ਼-ਪਲ਼ ਟਕਰਾਓ ਦੀ ਨੀਤੀ ਲਾਹੇਵੰਦ ਨਹੀਂ।*

*ਬਾਕੀ ਸਾਰੀਆਂ ਜੱਥੇਬੰਦੀਆਂ ਅਤੇ ਸ਼ਖ਼ਸੀਅਤਾਂ ਦਾ ਵਿਚਾਰ ਹੈ ਕਿ ਅਜੇਹੇ ਲਫ਼ਜ਼ ਵਰਤਣਾ ਸਿਆਣਪ ਨਹੀਂ। ਉਹਨਾਂ ਦਾ ਵਿਚਾਰ ਹੈ ਕਿ 'ਸਰਬੱਤ ਖਾਲਸਾ' ਅੰਤਮ ਨਿਸ਼ਾਨਾ ਹੋਣਾ ਚਾਹੀਦਾ ਹੈ। ਇਹਨਾਂ ਵੱਲੋਂ ਅਗਾਂਹ ਨੂੰ ਬੁਲਾਈਆਂ ਜਾਣ ਵਾਲੀਆਂ 'ਵਿਸ਼ਵ ਸਿੱਖ ਕੌਨਫ਼ਰੰਸਾਂ' ਏਸ ਵਿਚਾਰ ਨੂੰ ਦਰਜਾ-ਬ-ਦਰਜਾ ਅਗਾਂਹ ਤੋਰਦੀਆਂ ਰਹਿਣਗੀਆਂ ਅਤੇ ਅੰਤ ਸਾਰੇ ਪੰਥ ਦਾ ਸਾਂਝਾ 'ਸਰਬੱਤ ਖ਼ਾਲਸਾ' ਹੋਣ ਤੱਕ ਯਤਨਸ਼ੀਲ ਰਹਿਣਗੀਆਂ।*

*ਜਿਹੜੀ ਦੂਸਰੀਆਂ ਜਥੇਬੰਦੀਆਂ ਦੇ ਸਹਿਯੋਗ ਦੀ ਗੱਲ ਕੀਤੀ ਗਈ ਹੈ, ਓਹ 'ਸਪੋਕਸਮੈਨ' ਦੀ ਆਪਣੀ ਨੀਤੀ (ਵੇਖੋ ਅਪ੍ਰੈਲ 2004 ਦਾ ਸਪੋਕਸਮੈਨ) ਅਨੁਸਾਰ ਸਿਰੇ ਚੜ੍ਹਨੀ ਸੰਭਵ ਨਹੀਂ। 'ਸਪੋਕਸਮੈਨ' ਆਪਣੀ ਨੀਤੀ ਅਨੁਸਾਰ ਸਾਰੀਆਂ ਉਹਨਾਂ ਸਹਿਯੋਗੀ ਜਥੇਬੰਦੀਆਂ ਤੋਂ ਕਿਨਾਰਾਕਸ਼ੀ ਕਰ ਚੁੱਕਾ ਹੈ ਜਿਹੜੀਆਂ ਕਿ 26 ਅਕਤੂਬਰ ਦੀ ਕਨਵੈਨਸ਼ਨ ਲਈ ਇਕੱਠੀਆਂ ਹੋਈਆਂ ਸਨ। ਓਸ ਨੂੰ ਧੜਾ ਬਣਨ ਦਾ ਡਰ ਹੈ। ਜੇ ਓਸ ਦੇ ਸੱਦੇ ਉੱਤੇ ਇਹ ਜਥੇਬੰਦੀਆਂ ਸਹਿਯੋਗ ਲਈ ਆ ਜਾਣ ਤਾਂ 'ਸਪੋਕਸਮੈਨ' ਦੀ ਜਾਚੇ ਧੜਾ ਨਹੀਂ ਬਣਦਾ ਪ੍ਰੰਤੂ ਜੇ 'ਸਪੋਕਸਮੈਨ' ਇਹਨਾਂ ਦੀ, ਅੰਦਰੂਨੀ ਕੀਤੇ ਕੰਮ ਦੀ ਚੀਰ-ਫਾੜ ਕਰਨ ਲਈ, ਇਕੱਤਰਤਾ (ਮਸਲਨ ਜਨਰਲ ਨਰਿੰਦਰ ਸਿੰਘ ਦੇ ਘਰ ਹੋਈ 28 ਅਕਤੂਬਰ 2003 ਵਾਲੀ) ਵਿੱਚ ਸ਼ਾਮਲ ਹੋ ਜਾਵੇ ਤਾਂ ਧੜਾ ਬਣ ਜਾਂਦਾ ਹੈ। ਏਸ ਮੰਤਕ ਨੂੰ ਸਮਝ ਸਕਣਾ ਸੰਭਵ ਨਹੀਂ। ਸਭ ਗੁਰਮਤਿ ਲਈ ਲੜ ਰਹੇ ਹਨ, ਧੜਾ ਬਣਨਾ ਨਹੀਂ ਚਾਹੁੰਣਗੇ। ਓਹਨਾਂ ਦਾ ਕੇਵਲ ਅਤੇ ਕੇਵਲ ਗੁਰੂ ਅਤੇ ਗੁਰਮਤਿ ਨਾਲ ਧੜਾ ਹੈ। ਸੋ, ਪਤਾ ਨਹੀਂ ਕਿਸ ਜਾਦੂਈ ਛੜੀ ਨਾਲ ਸਪੋਕਸਮੈਨ ਇਹਨਾਂ ਦਾ ਸਹਿਯੋਗ ਲੈ ਕੇ 'ਧੜੇ ਤੋਂ ਨਿਰਲੇਪ' ਰਹੇਗਾ ?*

**ਮਤਾ ਨੰ: 5**

11 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਹੋਈ ਇਹ ਇਤਿਹਾਸਕ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਆਪਣੇ ਹੀ ਥਾਪੇ ਹੋਏ ਤੇ ਸ਼੍ਰੋਮਣੀ ਕਮੇਟੀ ਦੇ ਤਨਖ਼ਾਹਦਾਰ ਗ੍ਰੰਥੀਆਂ ਕੋਲੋਂ 'ਪੰਥ ਰਤਨ' ਦੀ ਉਪਾਧੀ ਦਿਵਾਏ ਜਾਣ ਦੀ ਕਾਰਵਾਈ ਪ੍ਰਤੀ ਆਪਣੀ ਨਾਪਸੰਦਗੀ ਦਾ ਪ੍ਰਗਟਾਵਾ ਕਰਦੀ ਹੈ। ਇਹ ਇਕੱਤਰਤਾ ਮਹਿਸੂਸ ਕਰਦੀ ਹੈ ਕਿ ਚਲਾਣਾ ਕਰ ਚੁੱਕੇ ਕਿਸੇ ਵਿਅਕਤੀ ਨੂੰ ਕੋਈ ਉਪਾਧੀ ਦੇਣ ਦਾ ਇਹ ਢੰਗ ਬਿਲਕੁਲ

ਗ਼ਲਤ ਹੈ ਤੇ ਸ਼ੋਕ ਪ੍ਰਗਟ ਕਰਨ ਲਈ ਜੁੜੇ ਲੋਕਾਂ ਦੀ 'ਜਜ਼ਬਾਤੀ ਬਲੈਕਮੇਲਿੰਗ' ਤੋਂ ਵੱਧ ਕੁਝ ਨਹੀਂ। ਕਿਸੇ ਵੀ ਵਿਅਕਤੀ ਬਾਰੇ ਸਹੀ ਮੁਲਾਂਕਣ ਉਸ ਦੀ ਮੌਤ ਤੋਂ ਘੱਟੋ-ਘੱਟ ਪੰਜ ਸਾਲ ਬਾਅਦ ਹੀ ਕੀਤਾ ਜਾ ਸਕਦਾ ਹੈ। ਈਸਾਈ ਲੋਕ ਆਪਣੇ ਕਿਸੇ ਮਰ ਚੁੱਕੇ ਵਿਅਕਤੀ ਨੂੰ 'ਸੰਤ' ਪਦ ਦੇਣ ਤੋਂ ਪਹਿਲਾਂ ਵੀ 10 ਸਾਲ ਦੀ ਇੰਤਜ਼ਾਰ ਕਰਦੇ ਹਨ ਜਿਵੇਂ ਕਿ ਪਿੱਛੇ ਜਹੇ *ਮਦਰ ਟੈਰੇਸਾ* ਦੇ ਮਾਮਲੇ ਵਿੱਚ ਕੀਤਾ ਗਿਆ ਸੀ। ਮੌਤ ਤੋਂ 10 ਦਿਨਾਂ ਦੇ ਅੰਦਰ-ਅੰਦਰ ਦਿੱਤੀ ਗਈ ਉਪਾਧੀ 'ਚੋਣ ਸਟੰਟ' ਵਜੋਂ ਤਾਂ ਸ਼ਾਇਦ ਠੀਕ ਹੋਵੇ ਪਰ ਉਂਜ ਇਹ ਇੱਕ ਬਹੁਤ ਹੀ ਮਾੜੀ ਪਿਰਤ ਹੈ। ਇਸ ਨਾਲ ਵਿਛੜੇ ਵਿਅਕਤੀ ਦੀ ਉਹ ਲੋਕ ਵੀ ਆਲੋਚਨਾ ਕਰ ਰਹੇ ਹਨ ਜਿਨ੍ਹਾਂ ਨੇ ਉਂਝ ਸ਼ਿਸ਼ਟਾਚਾਰ ਦੇ ਨਾਤੇ ਕੁਝ ਚਿਰ ਲਈ ਅਜੇ ਚੁੱਪ ਰਹਿਣਾ ਸੀ। ਇਹ ਇਕੱਤਰਤਾ ਮਹਿਸੂਸ ਕਰਦੀ ਹੈ ਕਿ ਸਾਰੇ ਪੰਥ ਦੀਆਂ ਜੱਥੇਬੰਦੀਆਂ ਪੰਜ ਸਾਲ ਮਗਰੋਂ ਇਸ ਮਾਮਲੇ ਬਾਰੇ ਦੁਬਾਰਾ ਵਿਚਾਰ ਕਰਨ ਕਿ ਗੁਰਚਰਨ ਸਿੰਘ ਟੌਹੜਾ ਨੂੰ 'ਪੰਥ ਰਤਨ' ਦੀ ਦਿੱਤੀ ਗਈ ਉਪਾਧੀ ਠੀਕ ਸੀ ਜਾਂ ਨਹੀਂ!

**ਟਿੱਪਣੀ:** ***ਇਹ ਬਿਲਕੁਲ ਤੱਥ ਹੈ ਕਿ ਇਸਾਈ ਕਿਸੇ ਨੂੰ ਸੰਤ ਉਪਾਧੀ ਦੇਣ ਲਈ 10 ਸਾਲ ਉਡੀਕਦੇ ਹਨ। ਉਹ ਅੰਧ-ਵਿਸ਼ਵਾਸੀ ਲੋਕ ਹਨ ਅਤੇ ਉਹਨਾਂ ਮੁਅਜਜ਼ਿਆਂ ਦੀ ਝੂਠੀ-ਸੱਚੀ ਪੜਤਾਲ ਕਰਦੇ ਰਹਿੰਦੇ ਹਨ ਜੋ ਕਿਸੇ ਕੀਤੇ ਹੋਣ। ਕਥਿਤ ਮੁਅਜਜ਼ੇ ਦੇ ਸਾਬਤ ਹੋਣ ਉੱਤੇ 'ਸੰਤ' ਉਪਾਧੀ ਦਿੱਤੀ ਜਾਂਦੀ ਹੈ। 'ਸੰਤ' ਉਪਾਧੀ ਅਤੇ 'ਪੰਥ ਰਤਨ' ਵਿੱਚ ਕੁਈ ਸਮਾਨਤਾ ਨਹੀਂ। 'ਜਥੇਦਾਰਾਂ' ਦਾ ਸਿੱਖ ਜੀਵਨ ਦੇ ਇੱਕ ਹੋਰ ਪਹਿਲੂ ਉੱਤੇ 'ਪੰਥ ਰਤਨ' ਦਾਨਵੀਰ ਬਣ ਕੇ ਉੱਭਰਨਾਂ ਵੱਡਾ ਇਤਰਾਜ਼ਯੋਗ ਹੈ ਅਤੇ ਆਖਰ ਹਾਸੋਹੀਣਾ ਹੋ ਨਿੱਬੜੇਗਾ। ਪਹਿਲਾਂ ਵਿਦੇਸ਼ਾਂ ਵਿੱਚ ਡੌਲਰ ਕਿਰਪਾ ਨਾਲ ਅਨੇਕਾਂ ਪੰਥ ਰਤਨ ਸਜਣਗੇ, ਫੇਰ ਪਿੰਡ-ਪਿੰਡ, ਹਰ ਗਲ਼ੀ- ਮੁਹੱਲੇ ਵਿੱਚ।***

**ਮਤਾ ਨੰ: 6**

ਅੱਜ 11 ਅਪ੍ਰੈਲ ਸੰਨ 2004 ਦੀ 'ਸਪੋਕਸਮੈਨ' ਦੇ ਵਿਹੜੇ ਵਿੱਚ ਹੋਈ ਇਹ ਵਿਸ਼ਾਲ ਇਕੱਤਰਤਾ ਇਸ ਗੱਲ ਉੱਪਰ ਚਿੰਤਾ ਪ੍ਰਗਟ ਕਰਦੀ ਹੈ ਕਿ ਅੱਜ ਅਨੇਕਾਂ ਸਿੱਖ-ਵਿਰੋਧੀ ਤਾਕਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਜ਼ਮਤ ਉੱਤੇ ਹਮਲਾ ਕਰ ਕੇ ਸਿੱਖ ਧਰਮ ਦੀ ਨੂੰ ਨੇਸਤੋ ਨਾਬੂਦ ਕਰਨ 'ਤੇ ਤੁਲੀਆਂ ਪਈਆਂ ਹਨ। ਇਸ ਅਤਿ ਘਿਨਾਉਣੇ ਕੰਮ ਵਾਸਤੇ 'ਦਸਮ ਗ੍ਰੰਥ' ਨੂੰ ਮੁੱਖ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ।

ਅੱਜ ਦੀ ਇਹ ਇਕੱਤਰਤਾ ਅਜੇਹੀਆਂ ਵਿਰੋਧੀ ਤਾਕਤਾਂ ਨੂੰ ਚੇਤਾਵਨੀ ਦੇਂਦੀ ਹੈ ਅਤੇ ਚੇਤਾ ਕਰਵਾਉਣਾ ਚਾਹੁੰਦੀ ਹੈ ਕਿ ਸੰਪੂਰਨ ਧਰਮ, ਇੱਕੋ-ਇੱਕ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੈ। ਇਸ ਵਾਸਤੇ ਕਿਸੇ ਵੀ ਅਜੇਹੀ ਤਾਕਤ ਨੂੰ ਮੂੰਹ-ਤੋੜ ਜੁਆਬ ਦੇਣ ਲਈ ਭਰਵੇਂ ਉਪਰਾਲੇ ਕੀਤੇ ਜਾਣਗੇ ਅਤੇ 'ਦਸਮ ਗ੍ਰੰਥ' ਜਾਂ ਕਿਸੇ ਵੀ ਅਜੇਹੀ ਹੋਰ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ 'ਤੇ ਪ੍ਰਵਾਨ ਨਹੀਂ ਕੀਤਾ ਜਾਵੇਗਾ।

**ਟਿੱਪਣੀ:** ***ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੁੱਗੋ-ਜੁੱਗ ਅਟੱਲ ਸਰਦਾਰੀ ਦੇ ਮਸਲੇ ਦਾ ਜ਼ਿਕਰ ਆਖ਼ਰੀ ਅਤੇ ਛੇਵੇਂ ਮਤੇ ਵਿੱਚ ਆਉਣਾ ਆਪਣੇ-ਆਪ ਪ੍ਰਯਾਪਤ ਸੰਕੇਤ ਹੈ। ਕੀ ਏਸ ਸਰਬ-ਪ੍ਰਥਮ ਅਹਿਮੀਅਤ ਵਾਲੇ ਵਿਸ਼ੇ ਪ੍ਰਤੀ ਹੋਰ ਗੰਭੀਰਤਾ ਨਹੀਂ ਸੀ ਵਿਖਾਈ ਜਾ ਸਕਦੀ?***

*****

## ਪੀਉ ਦਾਦੇ ਦੇ ਕੀਮਤੀ ਖਜ਼ਾਨੇ ਨੂੰ ਖੋਲ੍ਹਕੇ ਵੇਖੋ ਅਤੇ ਵਿਚਾਰੋ

**(ਗੁਰੂ ਗ੍ਰੰਥ ਸਾਹਿਬ ਦੀਆਂ ਦੇਹਾਂ ਦੀ ਆੜ ਵਿੱਚ ਨਿੱਜੀ ਚੌਧਰ ਚਮਕਾਉਣ ਦੇ ਕੋਝੇ ਢੰਗ ਦਾ ਪੋਲ ਖੁੱਲ੍ਹਣਾ ਸ਼ੁਰੂ ਹੋ ਚੁੱਕਾ ਹੈ)**

*ਗੁਰਚਰਨ ਸਿੰਘ, ਮਿਸ਼ਨਰੀ (ਮੋਹਾਲੀ)*

ਨਗਰ ਕੀਰਤਨਾਂ, ਖਾਲਸਾ ਤੇ ਚੇਤਨਾ ਮਾਰਚਾਂ ਨਾਲ ਅੱਜ ਤੱਕ ਇੱਕ ਬੰਦੇ ਦੇ ਜੀਵਨ ਵਿੱਚ ਸੁਧਾਰ ਨਹੀਂ ਹੋਇਆ, ਨਾ ਅੱਗੋਂ ਹੋਵੇਗਾ; ਨਾ ਕੋਈ ਨਵਾਂ ਸਿੱਖ ਬਣਿਆ ਹੈ, ਨਾ ਹੀ ਪ੍ਰਬੰਧਕਾਂ ਦਾ ਅਜਿਹਾ ਟੀਚਾ ਹੈ। ਸੰਗਤਾਂ ਦੀ ਮਿਹਨਤ ਨਾਲ ਕਮਾਈ ਮਾਇਆ ਦੀ ਹੋ ਰਹੀ ਬਰਬਾਦੀ ਉੱਪਰ ਹੁਣ ਰੋਕ ਲੱਗਣੀ ਚਾਹੀਦੀ ਹੈ। ਭਾਈ ਗੁਰਦਾਸ ਜੀ ਦਾ ਕਹਿਣਾ ਹੈ:

*"ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ॥*
*ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥*
*ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ॥*
*ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ॥*
*ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ॥ (35-22-4)*

(ਭਾਵ ਮਾਂ, ਬੱਚੇ ਲਈ ਸਭ ਤੋਂ ਵੱਧ ਸੁਰੱਖਿਅਤ ਸਥਾਨ ਹੈ; ਜੇ ਮਾਂ ਹੀ ਪੁੱਤਰ ਨੂੰ ਜ਼ਹਿਰ ਖਵਾ ਦੇਵੇ ਤਾਂ ਕੋਈ ਦੁਨੀਆਂ ਦਾ ਬੰਦਾ ਉਸ ਨੂੰ ਨਹੀਂ ਬਚਾ ਸਕਦਾ; ਜੇ ਘਰ ਦਾ ਪਹਿਰੇਦਾਰ ਹੀ ਘਰ ਨੂੰ ਸੰਨ੍ਹ ਲਾ ਦੇਵੇ ਤਾਂ ਘਰ ਦੀ ਕੋਈ ਹਿਫ਼ਾਜ਼ਤ ਨਹੀਂ ਕਰ ਸਕਦਾ; ਜੇ ਮਲਾਹ ਹੀ ਬੇੜੀ ਡੋਬ ਦੇਵੇ ਤਾਂ ਮੁਸਾਫਰਾਂ ਨੂੰ ਕੋਈ ਨਹੀਂ ਪਾਰ ਲੰਘਾ ਸਕਦਾ। ਜੇ ਵਾੜ ਹੀ ਖੇਤ ਦਾ ਆਵਾਰਾ ਪਸ਼ੂਆਂ ਤੋਂ ਬਚਾਓ ਕਰਨ ਦੇ ਯੋਗ ਨਹੀਂ ਤਾਂ ਖੇਤ ਦੀ ਸੁਰੱਖਿਆ ਦਾ ਹੋਰ ਕੋਈ ਤਰੀਕਾ ਨਹੀਂ ਹੈ। ਇਸੇ ਤਰ੍ਹਾਂ ਜੇ ਆਗੂ ਹੀ ਕੌਮ ਨੂੰ ਕੁਰਾਹੇ ਪਾ ਦੇਵੇ ਤਾਂ ਕਿਸ ਦੀ ਜਾਨ ਨੂੰ ਰੋਵੋਂਗੇ!)। ਅੱਜ ਸਿਆਸੀ ਲੀਡਰਾਂ, ਗੁਰਦੁਆਰਾ ਪ੍ਰਬੰਧਕਾਂ, ਪੁਜਾਰੀ ਨੁਮਾ ਪ੍ਰਚਾਰਕਾਂ, ਕੀਰਤਨੀ ਜਥਿਆਂ, ਬੀਬੀਆਂ ਦੇ ਸਤਸੰਗਾਂ ਆਦਿ ਨੇ (ਹਉਮੈ ਵਿੱਚ ਲੁਬਧ ਹੋ ਕੇ, ਚੌਧਰ ਦੀ ਹਵਸ ਪੂਰੀ ਕਰਨ ਖਾਤਰ), ਜਾਣ-ਬੁੱਝ ਕੇ ਸਮਾਜ ਨੂੰ ਗੁਰਬਾਣੀ ਦੇ ਅਰਥਾਂ ਵੱਲੋਂ ਕੋਰੇ ਰੱਖਿਆ ਹੋਇਆ ਹੈ; ਗੁਰਮਤਿ-ਵਿਰੋਧੀ ਵਿਚਾਰਧਾਰਾ ਦਾ ਪਾਸਾਰ ਬੇਰੋਕ-ਟੋਕ ਕਰ ਰਹੇ ਹਨ। ਸੰਗਤਾਂ ਪਾਸੋਂ ਇਕੱਤਰ ਕੀਤੇ ਫੰਡ ਸੰਗਤਾਂ ਨੂੰ ਹੀ ਗੁੰਮਰਾਹ ਕਰਨ ਲਈ ਵਰਤ ਰਹੇ ਹਨ। ਗੁਰਬਾਣੀ ਨੂੰ ਵੇਚਣ ਅਤੇ ਗੁਰੂ ਦੀਆਂ ਦੇਹਾਂ ਦੀ ਆੜ ਵਿੱਚ ਨਿੱਜੀ ਸਵਾਰਥ ਪੂਰਾ ਕਰਨ ਅਤੇ ਮਾਇਆ ਲੁੱਟਣ ਦਾ ਟੀਚਾ ਸਾਹਮਣੇ ਰੱਖ ਕੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ।

ਪਿਛਲੇ ਕਾਫੀ ਸਮੇਂ ਤੋਂ ਆਏ ਦਿਨ ਕੋਈ ਨ ਕੋਈ ਸਮਾਚਾਰ

ਪੜ੍ਹਣ ਨੂੰ ਮਿਲਦਾ ਰਿਹਾ ਹੈ, ਜਿਸ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਆੜ ਵਿੱਚ ਸਾਧਾਰਨ ਸੰਗਤਾਂ ਨੂੰ ਭੁਲੇਖੇ ਵਿੱਚ ਰੱਖ ਕੇ, ਸਿਆਸੀ ਲੀਡਰ ਹੀ ਨਹੀਂ, ਗੁਰਦੁਆਰਾ ਪ੍ਰਬੰਧਕ, ਧਾਰਮਕ ਆਗੂ (ਹੈੱਡ ਗ੍ਰੰਥੀ, ਰਾਗੀ, ਅਰਦਾਸੀਏ, ਧੁਪੀਏ, ਵਾਕੀਏ, ਡੇਰੇਦਾਰ ਸੰਤ, ਬਨਾਰਸੀ ਠੱਗਾਂ ਦੇ ਜੋੜੀਦਾਰ ਬਾਬੇ ਆਦਿ) ਆਪਣੀ ਨਿੱਜੀ ਹੋਂਦ ਜਾਂ ਚੌਧਰ ਚਮਕਾਉਣ ਲਈ ਸੰਗਤਾਂ ਤੋਂ ਉਗਰਾਹੇ ਫੰਡ ਬਰਬਾਦ ਕਰਨ ਅਤੇ ਇਹਨਾਂ ਸੰਗਤਾਂ ਨੂੰ ਧੋਖੇ 'ਚ, ਭਾਵ ਗੁਰਮਤਿ ਗਿਆਨ ਤੋਂ ਕੋਰੇ ਰੱਖ ਕੇ ਕੁਰਾਹੇ ਪਾਉਣ ਵਾਲੀ ਯੋਜਨਾ ਘੜਦੇ ਜਾ ਰਹੇ ਹਨ। ਗੁਰਬਾਣੀ ਨੇ ਅਗਵਾਈ ਇਸ ਤਰ੍ਹਾਂ ਬਿਆਨ ਕੀਤੀ ਹੈ: "ਜਹਾਂ ਗਿਆਨ ਤਹਾ ਧਰਮ ਹੈ "(ਭਾਵ ਜੇ ਗਿਆਨ ਹਾਸਲ ਕੀਤਾ ਹੈ ਅਤੇ ਵਿੱਦਿਆ ਲਈ ਹੈ ਤਾਂ ਹੀ ਧਰਮ ਦੀ ਸਮਝ ਅਤੇ ਪਾਲਣਾ ਹੋ ਸਕਦੀ ਹੈ)।

ਹੁਣੇ ਜਿਹੇ, ਇੱਕ ਖ਼ਬਰ ਅਨੁਸਾਰ, ਅਲੌਕਕ ਰੰਗਦਾਰ ਡਰਾਮਾ ਰਚ ਕੇ ਅੰਮ੍ਰਿਤਸਰ ਤੋਂ 150 ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕਰੀਬ ਇੱਕ ਕਰੋੜ ਰੁਪਏ (80 ਲੱਖ ਰੁਪਏ ਚਾਰਟਰਡ ਹਵਾਈ ਜਹਾਜ਼ ਦਾ ਕਿਰਾਇਆ ਅਤੇ ਗੁਰਦੁਆਰਾ ਰਾਮਸਰ ਅੰਮ੍ਰਿਤਸਰ ਤੋਂ ਹਵਾਈ ਅੱਡੇ ਤੱਕ ਜਲੂਸ ਦੀ ਸ਼ਕਲ ਵਿੱਚ ਸੜਕਾਂ, ਬਾਜ਼ਾਰਾਂ ਵਿੱਚੋਂ ਲੋਕਾਂ ਨੂੰ ਸ਼ਰਧਾ ਦੇ ਨਾਂ ਹੇਠ ਬੇਮਤਲਬਾ ਉਤਸ਼ਾਹ ਦੇ ਕੇ ਥਾਂ-ਥਾਂ ਨਾਸ਼ਤੇ, ਚਾਹ-ਪਾਣੀ ਤੇ ਵੱਖ-ਵੱਖ ਭੋਜਨਾਂ ਦੇ ਸਟਾਲ, ਕੀਰਤਨੀ ਮੰਡਲੀਆਂ ਰਾਹੀਂ ਚਿਮਟਿਆਂ-ਛੈਣਿਆਂ ਨੂੰ ਪੂਰੇ ਤਾਣ ਨਾਲ ਕੁੱਟਦੇ, ਸੰਘ-ਪਾੜੂ ਕੱਚੀਆਂ-ਪੱਕੀਆਂ ਰਚਨਾਵਾਂ ਦੇ ਬੇਸੁਰੇ ਕੀਰਤਨ ਅਤੇ ਆਗੂਆਂ ਵੱਲੋਂ ਸਪੀਕਰਾਂ ਰਾਹੀਂ ਲੱਖ-ਲੱਖ ਵਧਾਈਆਂ ਦੇ ਉੱਚੇ ਆਵਾਜ਼ੇ ਲਗਾਉਂਦੇ, ਸੰਗਤਾਂ ਪਾਸੋਂ ਥਾਂ-ਥਾਂ ਮੱਥੇ ਟਿਕਵਾਉਂਦੇ, ਰਸਤਿਆਂ ਦੀ ਸਜਾਵਟ ਵਾਲੇ ਨੁਮਾਇਸ਼ੀ ਪ੍ਰੋਗਰਾਮਾਂ ਤੋਂ ਇਲਾਵਾ ਭਗਤਾਂ, ਭੱਟ ਵਿਦਵਾਨਾਂ ਦੇ ਨਾਂ ਉੱਤੇ ਅਤੇ ਟੈਂਟਾਂ ਦੀਆਂ ਦੁਕਾਨਾਂ ਵੱਲੋਂ ਦੁਕਾਨਾਂ ਦੀ ਮਸ਼ਹੂਰੀ ਲਈ, ਸੈਂਕੜੇ ਸਵਾਗਤੀ ਗੇਟਾਂ ਅਤੇ ਫੁੱਲਾਂ ਦੀ ਵਰਖਾ ਕਰ ਕੇ ਮਨਮੋਹਕ ਬਣਾਉਣ ਲਈ ਕੁਝ ਲੱਖ ਰੁਪਏ ਹੋਰ) ਖਰਚ ਕੇ ਕੈਨੇਡਾ ਭੇਜਿਆ ਗਿਆ ਹੈ।

ਇਸ ਰਹੱਸਮਈ ਡਰਾਮੇ ਰਾਹੀਂ ਭੁਲੇਖਾ ਪਾਉਣ ਵਾਲਾ ਪੱਖ ਸਾਧਾਰਨ ਸੰਗਤਾਂ ਲਈ ਸਮਝਣਾ ਜ਼ਰੂਰੀ ਹੈ। ਓਪਰੀ ਨਜ਼ਰ ਨਾਲ ਵੇਖਿਆਂ, ਇਸ ਨਿਰਾਲੇ ਅਤੇ ਅਲੌਕਿਕ ਤਮਾਸ਼ੇ ਰਾਹੀਂ, ਗੁਰੂ ਗ੍ਰੰਥ ਸਾਹਿਬ ਦੀਆਂ ਦੇਹਾਂ ਦਾ ਲਾਜਵਾਬ ਸਤਿਕਾਰ ਹੋਇਆ ਦੱਸਿਆ ਜਾ ਰਿਹਾ ਹੈ। ਆਮ ਸਿੱਖ ਸੰਗਤਾਂ ਦੇ ਗੁਰੂ ਨਾਲ ਅਨਿੰਨ ਪਿਆਰ ਅਤੇ ਸਤਿਕਾਰ ਦਾ ਨਾਜਾਇਜ਼ ਲਾਭ ਉਠਾ ਕੇ ਅਤੇ ਸ਼ਰਧਾ-ਭਾਵਨਾ ਨੂੰ ਉਭਾਰ ਦੇ ਕੇ ਇਹ ਵਿਖਾਇਆ ਗਿਆ ਕਿ ਪ੍ਰਬੰਧਕਾਂ ਦੇ ਮਨਾਂ ਅੰਦਰ ਲਗਨ ਜਾਗੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਵਧੀਆ ਤਰੀਕੇ ਨਾਲ ਸਤਿਕਾਰ ਕੀਤਾ ਜਾਵੇ, ਜੋ ਸ਼ਾਇਦ ਗੁਰੂ ਅਰਜੁਨ ਸਾਹਿਬ ਦੇ ਸਮੇਂ ਤੋਂ ਨਹੀਂ ਸੀ ਕੀਤਾ ਜਾਂਦਾ ਰਿਹਾ। ਅੰਦਰਖਾਤੇ ਅਜਿਹਾ ਕੌਤਕ ਰਚਣ ਵਾਲੀ ਸੰਸਥਾ ਅਤੇ ਉਸ ਦੇ ਆਗੂਆਂ ਦਾ ਮੰਤਵ ਚੋਣਾਂ ਭਾਵ ਵੋਟਾਂ ਦਾ ਨਿੱਜੀ ਸਵਾਰਥ ਹਾਸਲ ਕਰਨ ਭਾਵ ਚੌਧਰ ਚਮਕਾਉਣ ਅਤੇ ਵਾਹ-ਵਾਹ ਖੱਟਣ ਦਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਵਿੱਚ ਜੋ ਬਾਣੀ ਰੂਪੀ ਉਪਦੇਸ਼ ਅਤੇ ਸਿੱਖਿਆਵਾਂ ਦਰਜ ਹਨ, ਇਹਨਾਂ ਗੁਰ-ਉਪਦੇਸ਼ਾਂ ਦੀ ਵਿਆਖਿਆ ਕਦੇ ਨਹੀਂ ਕਰਨਗੇ ਤੇ ਨਾ ਹੀ ਕਿਸੇ ਨੂੰ ਕਰਨ ਦੇਣਗੇ। ਗੁਰਬਾਣੀ ਦਾ ਸੁਝਾਉ ਹੈ-

***"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥***
***ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥(ਪੰ. 186)***

(ਭਾਵ ਗੁਰੂ ਸਾਹਿਬਾਨ ਦੇ ਬਾਣੀ ਰੂਪੀ ਉਪਦੇਸ਼ਾਂ ਦਾ ਖਜ਼ਾਨਾ ਖੋਲ੍ਹ ਕੇ ਵੇਖਿਆ ਤਾਂ ਪਤਾ ਚੱਲਿਆ ਕਿ ਇਸ ਖ਼ਜ਼ਾਨੇ ਵਿੱਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਅਮੋਲਕ ਰਤਨਾਂ, ਲਾਲਾਂ ਦੇ ਭੰਡਾਰ ਭਰੇ ਹੋਏ ਹਨ ਅਤੇ ਇਸ ਖਜ਼ਾਨੇ ਨੂੰ ਮਾਨਵਤਾ ਦੇ ਭਲੇ ਲਈ ਸੰਸਾਰ ਭਰ ਵਿੱਚ ਵੰਡਣ ਨਾਲ, ਅਸੀਂ ਆਤਮਕ ਤੌਰ 'ਤੇ ਅਮੀਰ ਹੋ ਸਕਦੇ ਹਾਂ। ਇਸ ਖਜ਼ਾਨੇ ਦੀ ਇੱਕ ਖ਼ਾਸ ਸਿਫ਼ਤ ਹੈ ਕਿ ਜਿਤਨਾ ਇਸ ਖਜ਼ਾਨੇ ਨੂੰ ਵੰਡੋਗੇ, ਇਹ ਵਧਦਾ ਹੀ ਜਾਂਦਾ ਹੈ। ਇਸ ਖਜ਼ਾਨੇ ਨੂੰ ਰਲ-ਮਿਲ ਕੇ ਖਰਚਣ ਭਾਵ ਸੰਗਤ ਰੂਪ ਵਿੱਚ ਵਿਚਾਰਨ ਨਾਲ ਮਾਨਵਤਾ ਦਾ ਭਲਾ ਹੋਵੇਗਾ। ਦੂਜੇ ਬੰਨੇ ਗੁਰੂ ਸਾਹਿਬਾਨ ਜੋ ਸੇਵਾ ਅਤੇ ਸਤਿਕਾਰ ਪਰਵਾਨ ਕਰਦੇ ਹਨ ਉਹ ਇਵੇਂ ਹੈ :-

***ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕ ਹਰਿ ਥਾਇ ਪਾਵੈ ॥***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ (ਪੰ. 669)***
***ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥(ਮ.4, ਪੰ. 1246)***
***ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ ॥***
***ਸਬਦੈ ਸਾਰ ਨ ਜਾਣਈ ਬਿਖੁ ਭੂਲਾ ਗਾਵਾਰੁ ॥***
***ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥***
***ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥ (ਪੰ. 589)***

(ਭਾਵ ਸਤਿਗੁਰੂ ਦੀ ਸੱਚੀ ਸੇਵਾ ਉਹੀ ਹੈ ਕਿ ਉਹਨਾਂ ਦੀ ਆਗਿਆ ਜਾਂ ਹੁਕਮ ਨੂੰ ਸਮਝ ਕੇ ਮੰਨਿਆ ਜਾਵੇ। ਜੇ ਕਰ ਇਹਨਾਂ ਗੁਰੂ-ਦੇਹਾਂ ਵਿੱਚ ਲਿਖੀ ਬਾਣੀ ਭਾਵ ਗੁਰੂ ਸਾਹਿਬ ਦੀ ਆਵਾਜ਼ ਬਾਹਰ ਕੱਢਣ ਦਾ ਕੋਈ ਉਪਰਾਲਾ ਨਹੀਂ ਕੀਤਾ ਤਾਂ ਬਾਹਰੀ ਸਜਾਵਟ ਜਾਂ ਲੋਕ ਦਿਖਾਵੇ ਵਾਲਾ ਨੁਮਾਇਸ਼ੀ ਸਤਿਕਾਰ ਕਿਸੇ ਕੰਮ ਨਹੀਂ ਆਉਣ ਲੱਗੇ। ਅਜਿਹੀ ਫੋਕੀ ਵਿਖਾਵੇ ਵਾਲੀ ਸੇਵਾ ਅਤੇ ਸਤਿਕਾਰ ਗੁਰੂ ਨੂੰ ਪਰਵਾਨ ਨਹੀਂ ਹੈ; ਭੁਲੇਖੇ ਤੋਂ ਸਾਵਧਾਨ ਹੋਣ ਦੀ ਸਖ਼ਤ ਲੋੜ ਹੈ)।

ਫੁੱਲਾਂ ਅਤੇ ਰੁਮਾਲਿਆਂ ਨਾਲ ਸਜਾਈਆਂ ਮੋਟਰ ਗੱਡੀਆਂ ਉੱਪਰ ਪਾਲਕੀ ਵਿੱਚ ਡੱਕੇ ਗੁਰੂ ਗਰੰਥ ਸਾਹਿਬ ਦੇ ਸਰੂਪ ਉੱਪਰ ਅਨੋਖੇ ਢੰਗ ਨਾਲ ਚੌਰ ਝੁਲਾ ਕੇ ਜੋ ਸਤਿਕਾਰ ਦਿੱਤਾ ਜਾਂਦਾ ਹੈ ਉਹ ਕਾਗ਼ਜ਼, ਜਿਲਦ ਜਾਂ ਕੱਪੜੇ ਨੂੰ ਹੀ ਦਿੱਤਾ ਜਾਂਦਾ ਹੈ, ਇਸ ਗ੍ਰੰਥ ਭਾਵ ਗੁਰੂ ਦੇ ਸਰੂਪ ਵਿੱਚ ਜੋ ਉਪਦੇਸ਼ ਲਿਖੇ ਹਨ ਉਸ ਦਾ ਗਿਆਨ ਹਾਸਲ ਕਰਨਾ, ਇਹਨਾਂ ਉਪਦੇਸ਼ਾਂ ਨੂੰ ਇਮਾਨਦਾਰੀ ਨਾਲ ਗ੍ਰਹਿਣ ਕਰ ਕੇ ਆਪਣੇ ਜੀਵਨ ਅੰਦਰ ਢਾਲਣਾ, ਮਾਨਵਤਾ ਦੇ ਪਰਉਪਕਾਰ ਹਿਤ ਇਹਨਾਂ ਸਿੱਖਿਆਵਾਂ ਦਾ ਸਪਸ਼ਟ ਸ਼ਬਦਾਂ ਵਿੱਚ ਅਤੇ ਗੁਰੂ ਆਸ਼ੇ ਅਨੁਸਾਰ ਪ੍ਰਚਾਰ ਕਰਨਾ, ਗੁਰੂ ਦਾ ਸੱਚਾ ਸਤਿਕਾਰ ਹੈ। ਕੀ ਪ੍ਰਬੰਧਕ-ਜਨ ਇਤਨਾ ਮਾਮੂਲੀ ਜਿਹਾ ਭੇਦ ਨਹੀਂ ਸਮਝ ਰਹੇ ਜਾਂ

ਸਵਾਰਥ ਸਿੱਧੀ ਦੀ ਮਨੋ-ਕਾਮਨਾ ਪੂਰਨ ਕਰਨ ਲਈ ਮੀਸਨੇ ਬਣੇ ਹੋਏ ਹਨ ? ਗੁਰਬਾਣੀ ਨਾਲੋਂ ਟੁੱਟੇ ਹੋਏ ਇਹ ਲੋਕ ਸ਼ਾਇਦ ਬੌਂਦਲ ਗਏ ਹਨ ਯਥਾ:

***"ਬਿਨੁ ਸਬਦੈ ਸਭੁ ਜਗੁ ਬਉਰਾਨਾ, ਬਿਰਥਾ ਜਨਮੁ ਗਵਾਇਆ ॥"***

*(ਮ.3, ਪੰ. 644)*

ਗੁਰਬਾਣੀ ਤਾਂ ਪੁਕਾਰ-ਪੁਕਾਰ ਕੇ ਕਹਿ ਰਹੀ ਹੈ:

***ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ (ਅਗਨੀ:- ਕ੍ਰੋਧ) (ਬੋਲੇ:- ਬਹਿਰੇ)***

***ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥***

***ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥(ਪੰ. 1415)***

ਚੌਧਰ ਦੀ ਹਵਸ ਨਾਲ ਮੁਸ਼ਕ ਮਾਰਦੀ ਦੇਹ ਨੂੰ ਚਮਕਾਉਣ ਅਤੇ ਹਉਮੈ ਨੂੰ ਪੱਠੇ ਪਾਉਣ ਖਾਤਰ ਆਏ ਦਿਨ 'ਨਗਰ ਕੀਰਤਨ' ਜਾਂ 'ਚੇਤਨਾ ਮਾਰਚਾਂ' ਵਾਲਾ ਤਮਾਸ਼ਾ ਕਰਦੇ ਰਹਿੰਦੇ ਹਨ। ਰੁਮਾਲਿਆਂ ਅਤੇ ਫੁੱਲ ਮਾਲਾਵਾਂ ਹੇਠ ਕੱਜੀ ਗੁਰੂ ਦੀ ਦੇਹ ਦੇ ਅੰਦਰ ਸਜਾ-ਸਜਾ ਕੇ ਲਿਖੇ ਹੋਏ, ਅਨਮੋਲ ਰਤਨਾਂ ਵਰਗੀ ਗੁਰੂ ਦੀ ਸਿੱਖਿਆ ਰੂਪੀ ਆਵਾਜ਼ ਨੂੰ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ। ਮਨੁੱਖਤਾ ਨੂੰ ਗੁਰਬਾਣੀ ਦੇ ਗਿਆਨ ਤੋਂ ਵਾਂਝਿਆਂ ਰੱਖ ਕੇ, ਪ੍ਰਭੂ-ਪ੍ਰਮਾਤਮਾ, ਗੁਰੂ ਸਾਹਿਬਾਨ ਅਤੇ ਸਮੁੱਚੀ ਮਾਨਵਤਾ ਨਾਲ ਧ੍ਰੋਹ ਅਤੇ ਧੋਖਾ ਕਰਨ ਵਾਲੇ ਇਹ ਸੱਜਣ ਧੋਖੇਬਾਜ਼, ਬੇਈਮਾਨ ਵਪਾਰੀ ਤਾਂ ਹੋ ਸਕਦੇ ਹਨ, ਅਕਾਲ ਪੁਰਖ ਦੇ ਫੌਜੀ ਜਾਂ ਸੱਚੇ ਸੌਦੇ ਦੇ ਵਪਾਰੀ ਕਦੇ ਨਹੀਂ ਹੋ ਸਕਦੇ। ਇੰਜ ਲੱਗਦਾ ਹੈ ਜਿਵੇਂ ਬਨਾਰਸ ਤੋਂ "ਡਾਲਾ ਸਿਉ ਪੇਡਾ" ਖਾਣ ਵਾਲੇ, ਸਾਰੇ ਦੇ ਸਾਰੇ ਜਪਮਾਲੀਆਂ ਵਾਲੇ ਰੇਲ ਗੱਡੀ ਵਿੱਚ ਬਿਠਾ ਕੇ ਪੰਜਾਬ ਭੇਜ ਦਿੱਤੇ ਗਏ ਹਨ। ਇਹਨਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਹਰ ਸ਼ਹਿਰ ਦੇ ਚੌਗਿਰਦੇ ਅੱਡੇ ਬਣਾ ਲਏ ਹਨ।

ਭਗਤ ਕਬੀਰ ਜੀ ਇੱਕ ਅਸਚਰਜਤਾ ਭਰੀ ਕਿਰਿਆ ਬਿਆਨ ਕਰ ਕੇ ਸਮਝਾਉਣਾ ਚਾਹੁੰਦੇ ਹਨ ਕਿ ਐਸਾ ਅਸਚਰਜ ਹੋ ਰਿਹਾ ਹੈ ਕਿ ਲੋਕ ਦਹੀਂ ਦੇ ਭੁਲੇਖੇ ਵਿੱਚ ਪਾਣੀ (ਨੀਰਿ) ਨੂੰ ਰਿੜ੍ਹਕਦੇ ਜਾ ਰਹੇ ਹਨ ਅਤੇ ਸਮਝਦੇ ਹਨ ਇਸ ਤਰ੍ਹਾਂ ਮੱਖਣ ਹਾਸਲ ਹੋ ਜਾਵੇਗਾ। ਇਹ ਸੋਚਣੀ ਮੂਰਖਾਂ ਜਾਂ ਅਗਿਆਨੀਆਂ ਭਾਵ ਬੇਸਮਝ ਪ੍ਰਾਣੀਆਂ ਦੀ ਹੋ ਸਕਦੀ ਹੈ। ਹੈਰਾਨੀ ਦੀ ਗੱਲ ਹੈ ਕਿ ਸਾਰਾ ਪ੍ਰਬੰਧਕ ਲਾਣਾ ਕੁਢੱਬੇ ਰਾਹ ਪੈ ਚੁੱਕਾ ਹੈ।

***ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥(ਪੰ. 326)***

***ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥(ਪੰ. 682)***

[ਨੋਟ: 'ਚੇਤਨਾ' ਗੁਰਬਾਣੀ ਦੀ ਸੂਝ ਨਾਲ ਪੈਦਾ ਹੁੰਦੀ ਹੈ। ਇਹਨਾਂ ਚੇਤਨਾ-ਮਾਰਚਾਂ ਵਿੱਚ ਸਮੁੱਚੇ ਸਮਾਜ ਦੀ ਭਲਾਈ ਜਿਵੇਂ ਨਸ਼ਿਆਂ (ਤੰਬਾਕੂ, ਬੀੜੀ, ਸਿਗਰਟ, ਗੁਟਖਾ, ਅਫ਼ੀਮ, ਚਰਸ, ਸ਼ਰਾਬ, ਡਰੱਗਜ਼ ਆਦਿ) ਦੇ ਵੱਡੇ ਨੁਕਸਾਨ, ਏਡਜ਼ ਦੀ ਭਿਆਨਕ ਬਿਮਾਰੀ ਸਬੰਧੀ ਜਾਣਕਾਰੀ, ਜਾਤ-ਬਰਾਦਰੀਆਂ ਦਾ ਕੋਹੜ, ਮੂਰਤੀ ਜਾਂ ਬੁੱਤ ਪੂਜਾ ਦਾ ਥੋਥਾਪਨ, ਫੈਸ਼ਨ ਪਰੇਡਾਂ, ਅਸ਼ਲੀਲਤਾ ਅਤੇ ਲੱਚਰਪੁਣੇ ਦੇ ਵਿਰੁੱਧ ਪ੍ਰਚਾਰ ਲਈ ਯਤਨ ਜਾਂ ਸਮੁੱਚੇ ਸਮਾਜ ਲਈ ਕੋਈ ਅਜਿਹਾ ਕਾਰਜ ਨਹੀਂ ਕੀਤਾ ਜਾਂਦਾ ਜਿਸ ਨਾਲ ਮਾਨਵਤਾ ਦੀ ਭਲਾਈ ਹੋਵੇ।]

ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮਾਇਆ ਇਕੱਤਰ ਕਰਨ ਅਤੇ ਆਪਣੀ ਚੌਧਰ ਪੱਕੀ ਕਰਨ ਲਈ ਰੁਮਾਲਿਆਂ ਹੇਠ ਸਜਾ ਕੇ ਰੱਖਿਆ ਹੋਇਆ ਹੈ। ਗੁਰੂ ਦਾ ਨਾਂ ਵਰਤ ਕੇ ਨਿੱਜੀ ਸਵਾਰਥ ਪੂਰਾ ਕਰਨ ਦਾ ਸਾਧਨ ਬਣਾ ਛੱਡਿਆ ਹੈ ਭਾਵ ਗੁਰੂ ਗ੍ਰੰਥ ਸਾਹਿਬ ਨੂੰ ਖਿਡੌਣਾ ਸਮਝਦੇ ਹਨ। ਗੁਰੂ ਦਾ ਸਰੂਪ ਸਾਹਮਣੇ ਦਿਖਾ ਕੇ ਨਿੱਜੀ ਸਵਾਰਥ ਪੂਰਾ ਕਰਨ ਦਾ ਸਾਧਨ ਬਣਾ ਛੱਡਿਆ ਹੈ। ਹਨ੍ਹੇਰ ਸਾਈਂ ਦਾ, ਜਿਸ ਗੁਰੂ ਦੀ ਦੇਹ ਨੂੰ ਰੇਸ਼ਮੀ ਰੁਮਾਲਿਆਂ ਵਿੱਚ ਬੰਦ ਕਰ ਕੇ ਰਾਹ-ਰਸਤਿਆਂ ਉੱਪਰ ਚੱਕਰ ਲਗਵਾ ਕੇ ਕਮਰੇ ਵਿੱਚ ਰੱਖ ਦਿੰਦੇ ਹਾਂ, ਉਸ ਦੇ ਗਿਆਨ ਦੀ ਹਨ੍ਹੇਰੀ ਝੁਲਾ ਕੇ ਮਨਮਤ ਦਾ ਛੱਪਰ ਹੇਠਾਂ ਡੇਗਣ ਦਾ ਕੋਈ ਉੱਦਮ ਨਹੀਂ ਕਰਦੇ ਜੋ ਕਿ ਗੁਰੂ ਦਾ ਅਸਲ ਸਤਿਕਾਰ ਹੈ। ਪ੍ਰਬੰਧਕ ਸਮਝ ਰਹੇ ਹਨ ਕਿ ਇਸ ਗ੍ਰੰਥ ਦਾ ਕੋਈ ਵਾਲੀ-ਵਾਰਸ ਨਹੀਂ ਰਿਹਾ, ਇਸ ਲਈ ਕਿਸੇ ਵੀ ਮਕਸਦ ਦੀ ਪੂਰਤੀ ਲਈ ਜਿਵੇਂ ਮਰਜ਼ੀ ਵਰਤ ਲਿਆ। ਮਕਸਦ ਪੂਰਾ ਕਰਨ ਉਪਰੰਤ ਫਿਰ ਕਮਰੇ ਵਿੱਚ ਬੰਦ ਕਰ ਛੱਡਿਆ। ਵੋਟਾਂ ਹਥਿਆਉਣੀਆਂ ਹੋਣ ਤਾਂ ਭੀੜ ਇਕੱਠੀ ਕਰਨ ਲਈ, ਗੁਰੂ ਦੇ ਸਰੂਪ ਨੂੰ ਪੰਡਾਲ ਵਿੱਚ ਲਿਆ ਰੱਖਦੇ ਹਨ। ਵਿਰੋਧੀ ਪਾਰਟੀਆਂ ਇਕ-ਦੂਜੇ ਵਿਰੁੱਧ ਭੰਡੀ ਪ੍ਰਚਾਰ, ਆਪਣੇ ਮੈਂਬਰਾਂ ਦੀ ਚਾਪਲੂਸੀ ਅਤੇ ਗੁਰੂ ਦੀ ਹਾਜ਼ਰੀ ਵਿੱਚ ਝੂਠੀਆਂ ਬਿਆਨਬਾਜ਼ੀਆਂ ਕਰਦੀਆਂ ਹਨ। ਫਿਰ ਗੁਰੂ ਗ੍ਰੰਥ ਸਾਹਿਬ ਨੂੰ ਚੁੱਕ ਲਿਜਾ ਕੇ ਗੁਰਦੁਆਰੇ ਦੇ ਕਮਰੇ ਵਿੱਚ ਡੱਕ ਦਿੱਤਾ ਜਾਂਦਾ ਹੈ। ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮਾਇਆ ਇਕੱਤਰ ਕਰਨ ਅਤੇ ਆਪਣੀ ਚੌਧਰ ਚਮਕਾਉਣ ਲਈ ਰੁਮਾਲਿਆਂ ਹੇਠ ਸਜਾ ਕੇ ਥਾਂ-ਥਾਂ ਫੇਰੀਆਂ ਲਗਾਉਣ ਦਾ ਵਸਬ ਫੜ ਰੱਖਿਆ ਹੈ।

ਇਸ ਗ੍ਰੰਥ ਵਿੱਚ ਲਿਖੀ ਬਾਣੀ ਜਾਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਦੀ ਰਵਾਇਤ ਹੀ ਸਮਾਪਤ ਕਰ ਦਿੱਤੀ ਗਈ ਹੈ ਜਦਕਿ ਗੁਰੂ ਸਾਹਿਬ ਦਾ ਫੁਰਮਾਨ ਹੈ:

***ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥***

***ਡਿਠੇ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥(ਮ.3, ਪੰ. 594)***

***ਸੇ ਮਨਮੁਖ ਜੋ ਸਬਦੁ ਨ ਪਛਾਣਹਿ ਗੁਰ ਕੇ ਭੈ ਕੀ ਸਾਰ ਨ ਜਾਣਹਿ ॥***

***ਭੈ ਬਿਨੁ ਕਿਉ ਨਿਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥(ਪੰ. 1054)***

ਕਿਉਂਕਿ ਪ੍ਰਬੰਧਕ ਗੁਰੂ ਦੇ ਸ਼ਬਦ ਦਾ ਸਵਾਦ ਨਹੀਂ ਜਾਣਦੇ [ਰਤਨ ਮਣੀ ਗਲ ਬਾਂਦਰੈ ਕਿਹੁ ਕੀਮ ਨ ਜਾਣੈ ॥ ਕੜਛੀ ਸਾਉ (ਸਵਾਦ) ਨ ਸੰਮਲੈ ਭੋਜਨ ਰਸ ਖਾਣੈ ॥ ਡਡੂ ਚਿਕੜ ਵਾਸ ਹੈ ਕਵਲੈ ਨ ਸਿਞਾਣੈ ॥ (ਭਾਈ ਗੁਰਦਾਸ ਜੀ)] ਭਾਵ ਬਾਂਦਰ ਦੇ ਗਲ ਵਿੱਚ ਪਾਈ ਹੋਈ ਮਣੀ ਦਾ ਮੁੱਲ ਉਸ ਨੂੰ ਨਹੀਂ ਪਤਾ; ਕੜਛੀ ਸਵਾਦੀ ਭੋਜਨ ਦੇ ਸਵਾਦ ਦਾ ਰਸ ਨਹੀਂ ਲੈਂਦੀ; ਡੱਡੂ ਚਿੱਕੜ ਵਿੱਚ ਰਹਿ ਕੇ ਖੁਸ਼ ਰਹਿੰਦਾ ਹੈ, ਕੰਵਲ ਫੁੱਲ ਦੀ ਪਹਿਚਾਣ ਨਹੀਂ ਕਰਦਾ। ਤਿਵੇਂ ਪ੍ਰਬੰਧਕ ਹੈਂਕੜ ਵਿੱਚ ਜਿਸ ਗੁਰੂ ਦੀ ਦੇਹ ਨੂੰ ਪਾਲਕੀ ਵਿੱਚ ਸਜਾ ਕੇ ਸੜਕਾਂ ਉੱਪਰ ਘੁਮਾਉਂਦੇ ਫਿਰਦੇ ਹਨ, ਉਸ ਦੇ ਕੀਮਤੀ ਉਪਦੇਸ਼ਾਂ ਦੀ ਬਾਂਦਰ ਦੇ ਗਲ ਪਏ ਰਤਨਾਂ ਵਾਂਗੂੰ ਸੂਝ ਨਹੀਂ

ਰੱਖਦੇ। ਇਹ ਆਪਣੇ-ਆਪ ਨੂੰ ਵੱਡੇ ਪ੍ਰਬੰਧਕ ਸਮਝ ਲੈਂਦੇ ਹਨ, ਪਰ ਸ਼ਬਦ ਦੀ ਵੀਚਾਰ ਨਹੀਂ ਕਰਦੇ:

***ਓਨਾ ਆਪਣੀ ਅੰਦਰਿ ਸੁਧਿ ਨਹੀਂ ਗੁਰ ਬਚਨਿ ਨ ਕਰਹਿ ਵਿਸਾਸ॥***

(ਮ.3, ਪੰ. 1415)

(ਭਾਵ ਗੁਰੂ ਦੀ ਸਿੱਖਿਆ ਨੂੰ ਵਿਸਾਰ ਕੇ ਅਥਵਾ ਗੁਰੂ ਦੀ ਸਿੱਖਿਆ ਨੂੰ ਵਿਅਰਥ ਸਮਝ ਕੇ ਆਪਣੀ ਮਤਿ ਨੂੰ ਸ੍ਰੇਸ਼ਟ ਸਮਝਣ ਵਾਲਾ ਮਨਮੁਖ ਹੁੰਦਾ ਹੈ। ਮਨਮੁਖਾਂ ਬਾਰੇ ਗੁਰਦੇਵ ਜੀ ਦੇ ਬੇਅੰਤ ਸਬਦਾਂ ਵਿੱਚੋਂ ਵੰਨਗੀ ਮਾਤਰ ਫੁਰਮਾਨ ਹੈ: ਜੋ ਲੋਕ ਗੁਰੂ ਦੇ ਸ਼ਬਦ ਦੀ ਵਿਚਾਰ ਨਹੀਂ ਕਰਦੇ ਅਤੇ ਹੋਰਨਾ ਨੂੰ ਗੁਰਬਾਣੀ ਦੀ ਵਿਚਾਰ ਤੋਂ ਵਾਂਝਿਆਂ ਰੱਖਦੇ ਹਨ, ਉਹ ਮੂਰਖ ਅਤੇ ਕਚੇ ਹਨ (ਮੂੜ ਨਰੁ ਕਾਚੇ), ਭਾਵ ਬੇਵਿਸ਼ਵਾਸ਼ੇ ਹਨ। ਅਤੇ ***"ਜਿਨੁ ਗੁਰ ਗੋਪਿਆ ਆਪਣਾ ਤੇ ਨਰਿ ਬੁਰਆਰੀ॥ ਹਰਿ ਜੀਉ ਤਿਨ ਕੇ ਦਰਸਨ ਨਾ ਕਰੋ ਪਾਪਿਸਟ ਹਤਿਆਰੀ॥*** *(ਪੰ. 651)* ਭਾਵ ਪਾਪੀ, ਨਿੰਦਕ ਅਤੇ ਗੁਰੂ ਦੇ ਹਤਿਆਰੇ ਜਾ ਖੂਨੀ ਹਨ। ਜੀਵਨ ਵਿੱਚ ਦਸ ਹਜ਼ਾਰ ਵਾਰ ਪੜ੍ਹਿਆ ਹੋਵੇਗਾ, 'ਜੋ ਪ੍ਰਭ ਕੋ ਮਿਲਬੋ ਚਹੈਂ, ਖੋਜ ਸ਼ਬਦ ਮਹਿ ਲੇ'। ਸ਼ਬਦ ਦੀ ਵੀਚਾਰ ਤੋਂ ਬਿਨਾ ਇਹ ਲੋਕ ਆਤਮਕ ਤੌਰ ਤੇ ਅੰਨ੍ਹੇ ਅਤੇ ਬੋਲੇ ਹੋ ਚੁੱਕੇ ਹਨ। ਗੁਰਬਾਣੀ ਦੀ ਵੀਚਾਰ ਤੋਂ ਟੁੱਟੇ, ਘਰ ਹੁੰਦਿਆਂ ਆਤਮਕ ਸਵਾਦਾਂ ਦਾ ਲਾਭ ਨਹੀਂ ਉਠਾ ਰਹੇ। ਦੇਖੋ ਕੀ-ਕੀ ਕਰਤਬ ਕੀਤੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੀਆਂ ਬਿਰਧ ਦੇਹਾਂ ਦੇ ਸਸਕਾਰ ਕਰਨ ਲਈ ਸੜਕਾਂ ਉੱਪਰ ਗੁਰੂ ਗ੍ਰੰਥ ਸਾਹਿਬ ਦੀਆਂ ਦੇਹਾਂ ਨੂੰ ਬਿਰਧ ਦੱਸ ਕੇ (ਗਿਣਤੀ ਵਧਾਉਣ ਲਈ ਨਵੀਆਂ ਨੂੰ ਵੀ ਬਿਰਧ ਘੋਸ਼ਿਤ ਕਰ ਕੇ ਘਰਾਂ ਵਿੱਚੋਂ ਕਿਸੇ ਬਹਾਨੇ ਧੱਕੇ ਨਾਲ ਚੁੱਕ ਲਿਆਉਂਦੇ ਹਨ) ਪਵਿੱਤਰ ਸਰੂਪਾਂ ਨੂੰ ਸ਼ਹਿਰ-ਸ਼ਹਿਰ ਘੁਮਾਉਂਦੇ ਹਨ। ਇਕ-ਦੋ ਡੇਰੇਦਾਰਾਂ ਨੇ ਬੋਲੀ ਬੋਲ ਕੇ ਠੇਕਾ ਲੈ ਰੱਖਿਆ ਹੈ। ਮਾਤਮੀ ਨਗਰ ਕੀਰਤਨ ਦੀ ਸ਼ਕਲ ਵਿੱਚ ਕਾਫ਼ਲਾ ਟਰੱਕਾਂ, ਕੈਂਟਰਾਂ, ਵੈਨਾਂ, ਕਾਰਾਂ ਦੀ ਲੰਮੀ ਕਤਾਰ ਬਣਾ ਕੇ ਕਿਸੇ ਇੱਕ ਸ਼ਹਿਰ ਤੋਂ ਤੁਰਦਾ ਹੈ। ਰਸਤੇ ਵਿੱਚ ਖੀਰਾਂ, ਜਲੇਬੀਆਂ ਦੇ ਲੰਗਰ ਛਕਦੇ ਗੋਇੰਦਵਾਲ ਸਾਹਿਬ ਆਧੁਨਿਕ ਤਕਨੀਕ ਨਾਲ ਉਸਾਰੇ ਸਮਸ਼ਾਨ ਘਾਟ ਉੱਪਰ ਲਿਜਾ ਕੇ ਨਵੀਂ ਘੜੀ ਗੁਰਮਤਿ-ਵਿਰੋਧੀ ਵਿਧੀ ਨਾਲ ਸਸਕਾਰ ਕੀਤਾ ਜਾਂਦਾ ਹੈ। ਕੋਈ ਹੋਰ ਧਰਮ ਆਪਣੇ ਮੁਕੱਦਸ ਗ੍ਰੰਥਾਂ ਨੂੰ ਇਸ ਤਰ੍ਹਾਂ ਨਹੀਂ ਰੋਲਦਾ। ਇਸ ਜਹਾਲਤ ਦਾ ਕਾਰਣ ਇੱਕੋ ਹੀ ਹੈ। ਜਿਸ ਗਿਆਨ ਨੇ ਸਾਡੀ ਬੁੱਧ-ਬਿਬੇਕ ਨੂੰ ਸਵਸਥ ਅਤੇ ਰੌਸ਼ਨ ਕਰਨਾ ਹੈ, ਉਸ ਅਨਮੋਲ ਗਿਆਨ ਵੱਲ ਅਸੀਂ ਪਿੱਠ ਕਰ ਬੈਠੇ ਹਾਂ। ਇਸ ਬ੍ਰਹਮ ਗਿਆਨ ਨੂੰ ਨਾ ਖ਼ੁਦ ਸਮਝਿਆ ਹੈ ਨਾ ਹੋਰਨਾਂ ਨੂੰ ਦੱਸਣ ਜੋਗੇ ਹਾਂ। ਨਤੀਜਾ ਸਭ ਦੇ ਸਾਹਮਣੇ ਹੈ।

ਕਦੀ ਕਿਸੇ ਨੇ ਸੋਚਿਆ ਹੈ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਨਾਲ ਜੁੜੀ ਸਿੱਖ ਕੌਮ ਢੋਲਕੀ-ਛੈਣੇ ਕੁੱਟਦੀ-ਕੁੱਟਦੀ ਹੇਮਕੁੰਟ ਦੀ ਪਹਾੜੀ ਉੱਪਰ ਕਿਵੇਂ ਚੜ੍ਹ ਗਈ ? ਜਾਂ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਇੱਕ ਹੋਰ ਪੁਸਤਕ (ਸ਼ਰੀਕ) ਨੂੰ ਦਸਵੇਂ ਪਾਤਸ਼ਾਹ ਦਾ ਗ੍ਰੰਥ ਦੱਸ ਕੇ ਸਥਾਪਤ ਕਰਨ ਲਈ ਤਿਆਰ ਕਿਉਂ ਖੜ੍ਹੇ ਹਨ, ਜੋ ਨਿਰਾ ਕੋਕ-ਸ਼ਾਸਤ੍ਰ ਗ੍ਰੰਥ ਹੈ। ਅਸੀਂ ਕੀਰਤਨ ਹੀ ਕਰਦੇ ਰਹਿ ਗਏ, ਸ਼ਿਕਾਰੀ (ਗੁਰਦੁਆਰਾ ਪ੍ਰਬੰਧਕ ਅਤੇ ਗ੍ਰੰਥੀ, ਰਾਗੀ ਦੀ ਸ਼ਕਲ ਵਿੱਚ ਪ੍ਰੋਹਿਤ) ਦੇ ਜਾਲ ਵਿੱਚ ਅਜਿਹੇ ਫਸੇ ਕਿ ਨਿਕਲਣਾ ਔਖਾ ਹੋਇਆ ਪਿਆ ਹੈ। ਦਸਮ ਪਿਤਾ ਦੀ ਇਸ ਜਨਮ (ਭਾਵ ਸੰਨ 1666-ਸੰਨ 1708) ਵਿੱਚ ਬਖ਼ਸ਼ਿਸ਼ ਕੀਤੀ ਸਿੱਖਿਆ ਅਤੇ ਉਹਨਾਂ ਦੇ ਕੌਤਕ ਮੰਨਣ ਨੂੰ ਤਿਆਰ ਨਹੀਂ, ਪਿਛਲੇ ਜਨਮ ਦੀ ਫ਼ਰਜ਼ੀ ਕਹਾਣੀ ਦੀ ਮਹਿਮਾ ਗਾਉਂਦੇ ਚਲੇ ਜਾ ਰਹੇ ਹਾਂ। ਗੁਰੂ ਦੀ ਮੱਤ ਨੇ ਤਾਂ ਗੁਰਸਿੱਖ ਘਰਾਣਿਆਂ ਵਿੱਚ ਜਾਤ-ਪਾਤ ਦੀਆਂ ਵੰਡੀਆਂ ਹੀ ਨਹੀਂ ਬਲਕਿ ਜਾਤ-ਪਾਤੀ ਸਿਸਟਮ ਦੀ ਵਿਚਾਰ ਨੂੰ ਜੜ੍ਹੋਂ ਪੁੱਟ ਦਿੱਤਾ ਸੀ:

***ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥***
***ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥1॥***
***ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*** *(ਪੰ. 1127)*

ਬਹੁਤੇ ਗੁਰਸਿੱਖ ਵੀ ਆਪਣੀ ਜਾਤ ਨੂੰ ਉੱਤਮ ਸਮਝੀ ਫਿਰਦੇ ਹਨ। ਗੁਰਬਾਣੀ ਦੱਸਦੀ ਹੈ ਕਿ ਪ੍ਰਭੂ ਦੇ ਨਾਮ-ਵਿਹੂਣੇ ਸਭ ਨੀਵੀਆਂ ਜਾਤਾਂ ਵਾਲੇ ਹਨ, ਯਥਾ:

***ਨਾਨਕ ਨਾਵੈ ਬਾਝ ਸਨਾਤਿ॥*** *(ਪੰ. 10)*

ਨਾ ਸ਼ੁੱਭ-ਅਸ਼ੁੱਭ ਦਿਹਾੜੇ, ਨਾ ਸ਼ਨੀ-ਦੇਵਤੇ ਦਾ ਝੰਜਟ, ਨਾ ਕਰਵਾ ਚੌਥ ਦਾ ਵਰਤ, ਨ ਕਬਰਾਂ, ਮੜ੍ਹੀਆਂ, ਦਰਗਾਹਾਂ ਅਤੇ ਮਜ਼ਾਰਾਂ ਉੱਪਰ ਚੜ੍ਹਾਵੇ ਅਤੇ ਮੰਨਤਾਂ ਦਾ ਭਰਮ ਰਹਿਣ ਦਿੱਤਾ ਗਿਆ ਸੀ। ਇਹ ਤਰਸਯੋਗ ਹਾਲਤ ਜ਼ਿਆਦਾਤਰ ਉਹਨਾਂ ਸ਼ਰਧਾਲੂਆਂ ਦੀ ਹੋ ਗਈ ਹੈ ਜੋ ਫਿਲਮੀ ਤਰਜ਼ਾਂ ਵਿੱਚ ਗਾਏ ਜਾਂਦੇ ਸ਼ਬਦਾਂ ਦੇ ਅਰਥ ਸਮਝੇ ਬਿਨਾਂ, ਪਿਕਨਿਕ ਨੁਮਾ ਕੀਰਤਨ ਦਰਬਾਰਾਂ ਵਿੱਚ ਹਾਜ਼ਰੀ ਭਰਨ ਅਤੇ ਦੁੱਧ ਬਦਾਮਾਂ ਨਾਲ ਭਰੇ ਗਿਲਾਸ 'ਤੇ ਗਿਲਾਸ ਡੀਕ ਕੇ, ਪਰਾਏ ਹੱਕ ਮਾਰ ਕੇ ਕਮਾਏ ਮਲਕ ਭਾਗੋ ਦੇ ਭਠੂਰੇ-ਛੋਲੇ, ਜਲੇਬੀਆਂ ਵਾਲੇ ਲੰਗਰ ਛਕਣ-ਛਕਾਉਣ ਨੂੰ ਹੀ ਸਿੱਖੀ ਸਮਝ ਬੈਠੇ ਹਨ। (ਕੀਰਤਨ ਦਰਬਾਰਾਂ ਦੇ ਸਕੈਮ ਦਾ ਭੇਦ ਖੋਲ੍ਹਣ ਅਤੇ ਸੱਚ ਦੀ ਬਾਣੀ ਆਖਣ ਵਾਲੇ ਗੁਰੂ ਨਾਨਕ ਸਾਹਿਬ ਨੂੰ ਉਨ੍ਹਾਂ ਦੇ ਆਪਣੇ ਘਰ, ਗੁਰਦੁਆਰੇ, ਦੇ ਨੇੜੇ-ਤੇੜੇ ਨਹੀਂ ਫਟਕਣ ਦਿੱਤਾ ਜਾਂਦਾ, ਨਹੀਂ ਤਾਂ ਉਹਨਾਂ ਨੇ ਭਠੂਰੇ ਨਿਚੋੜ ਕੇ ਲਹੂ ਕੱਢ ਕੇ ਵਿਖਾ ਦੇਣਾ ਸੀ)। ਸ਼ਿਕਾਰੀ ਦੇ ਜਾਲ ਵਿੱਚ ਫਸੇ ਪਏ ਹਨ ਅਤੇ ਪੜ੍ਹਦੇ ਜਾ ਰਹੇ ਹਨ "ਬੁਤ ਪੂਜ ਪੂਜ ਹਿੰਦੂ ਮੂਏ" ਅਤੇ ਨਾਲ ਗੁਰੂਆਂ ਦੇ ਬੁੱਤ ਅਤੇ ਮੂਰਤੀਆਂ ਸਥਾਪਤ ਕਰਦੇ ਜਾ ਰਹੇ ਹਨ ਅਤੇ ਉਹਨਾਂ ਅੱਗੇ ਜੋਤਿ ਬਾਲ ਕੇ, ਧੂਪ ਅਤੇ ਫੁੱਲ ਚੜ੍ਹਾ ਕੇ ਅਰਦਾਸਾਂ ਕਰ ਰਹੇ ਹਨ। ਪਤਾ ਨਹੀਂ ਲੱਗਦਾ ਇਹ ਗੁਰੂ ਨਾਨਕ ਦੇ ਸਿੱਖ ਹਨ ਜਾਂ ਰਲਗੱਡਾ। ਜਿਸ ਕਿਸਮ ਦਾ ਦੁੱਖਦਾਈ ਭਾਣਾ ਵਰਤ ਰਿਹਾ ਹੈ, ਇਸਦਾ ਕਾਰਣ ਉਹੀ ਹੈ — ਸ਼ਿਕਾਰੀ ਆਏਗਾ, ਚੋਗਾ ਡਾਲੇਗਾ, ਜਾਲ ਬਿਛਾਏਗਾ, ਤੁਮ ਜਾਗਤੇ ਰਹੀਓ। ਸ਼ਿਕਾਰੀ ਕਾਫੀ ਲੰਬੇ ਸਮੇਂ ਤੋਂ ਆ ਕੇ ਜਾਲ ਪਾ ਕੇ ਫਸਾਈ ਬੈਠਾ ਹੈ ਅਤੇ ਇਹ ਜਾਲ ਦੇ ਵਿੱਚ ਫਸੇ ਹੋਏ, ਹੁਣ ਤੱਕ ਪੜ੍ਹਦੇ ਜਾ ਰਹੇ ਹਨ: ਸ਼ਿਕਾਰੀ ਆਵੇਗਾ, ਚੋਗਾ ਡਾਲੇਗਾ, ਜਾਲ ਬਿਛਾਏਗਾ, ਤੁਮ ਜਾਗਤੇ ਰਹੀਓ। ਭਾਵ, ਹੁਣ ਵੀ ਪੜ੍ਹਦੇ ਜਾ ਰਹੇ ਹਨ 'ਜਬ ਇਹ ਗਹੈ ਬਿਪਰਨ ਕੀ ਰੀਤ, ਮੈ ਨਾ ਕਰੋਂ ਇਨ ਕੀ ਪਰਤੀਤ'। ਪਰ ਸਿੱਖਾਂ ਦਾ ਇੱਕ ਵੀ ਘਰ ਨਹੀਂ ਦਿਖਾਈ ਦਿੰਦਾ, ਜੋ ਗੁਰੂ ਗ੍ਰੰਥ ਸਾਹਿਬ

ਦੀਆਂ ਸਿੱਖਿਆਵਾਂ ਦੇ ਵਿਪਰੀਤ ਅਨਮਤੀ ਕਰਮ-ਕਾਂਡਾਂ ਦੇ ਜਾਲ ਵਿੱਚ ਨਾ ਫਸਿਆ ਹੋਵੇ। ਅਸੀਂ ਪੜ੍ਹਦੇ ਜਾ ਰਹੇ ਹਾਂ: "ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥ (ਪੰ. 923) ਭਾਵ ਗੁਰੂ (ਤਾਂ) ਪਿੰਡ ਪਤਲਿ, ਕਿਰਿਆ, ਦੀਵਾ ਅਤੇ ਫੁੱਲ, ਇਹਨਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ ਅਤੇ ਇਹਨਾਂ ਦਾ ਖੰਡਨ ਕਰਦਾ ਹੈ। ਪਰ ਵੱਡੇ-ਵੱਡੇ ਗੁਰਮੁਖ ਸੱਜਣਾਂ ਅਤੇ ਡੇਰੇਦਾਰ ਸੰਤਾਂ ਦੀਆਂ ਵਿਭਚਾਰੀ ਫੁੱਲ ਜਾਂ ਫੁੱਲੀਆਂ (ਹੱਡੀਆਂ) ਪਾਤਾਲਪੁਰੀ (ਕੀਰਤਪੁਰ ਸਾਹਿਬ) ਪਾਉਣ ਦੀ ਰੀਤ ਉਚੇਚੇ ਕਰ ਰਹੇ ਹਾਂ।

ਕੋਈ ਇੱਕ ਗੱਲ ਹੋਵੇ ਤਾਂ ਬਿਆਨ ਕੀਤੀ ਜਾਵੇ। ਇੱਥੇ ਤਾਂ ਗੁਰਬਾਣੀ ਦੇ ਹਰ ਇੱਕ ਸੰਦੇਸ਼ ਦੇ ਉਲਟ ਕਾਰਜ ਕਰਦੇ ਜਾ ਰਹੇ ਹਨ, ਕੋਈ ਸਵਾਰਥ ਰਹਿਤ ਸੱਜਣ ਸਹੀ ਰਾਹ ਨਹੀਂ ਦੱਸਦਾ। ਕਈ ਆਪਣੇ-ਆਪ ਨੂੰ ਗੁਰਮੁਖ ਮਿੱਥ ਬੈਠੇ ਸੱਜਣ ਰੌਲਾ ਪਾਉਣ ਵਿੱਚ ਵਿਸ਼ਵਾਸ ਰੱਖਦੇ ਹਨ। ਇੰਜ ਲੱਗਦਾ ਹੈ, ਇਹ ਸਭ ਮਾਨਸਕ ਰੋਗ ਦੇ ਸ਼ਿਕਾਰ ਹੋ ਚੁੱਕੇ ਹਨ। ਗੱਲ ਦੀ ਤਹਿ ਤੱਕ ਪਹੁੰਚਣ ਅਤੇ ਸਮਝਣ ਦੀ ਬਜਾਏ ਰੌਲਾ ਪਾਉਣਾ ਅਤੇ ਭੰਡੀ-ਪ੍ਰਚਾਰ ਕਰਨਾ ਇਹਨਾਂ ਦਾ ਵਸਬ ਬਣ ਚੁੱਕਾ ਹੈ। ਤਰਸ ਉਹਨਾਂ ਉੱਤੇ ਵੱਧ ਆਉਂਦਾ ਹੈ, ਜੋ ਆਤਮਕ ਤੌਰ 'ਤੇ ਬੇਸੁਰਤੀ ਦੀ ਹਾਲਤ ਵਿੱਚ ਪਹੁੰਚ ਚੁੱਕੇ ਹਨ, ਗੁਰੂ-ਉਪਦੇਸ਼ਾਂ ਦੀ ਰੱਤੀ ਭਰ ਜਾਣਕਾਰੀ ਨਹੀਂ ਰੱਖਦੇ ਪਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਲਲਕਾਰਦੇ ਹਨ ਅਤੇ ਗੁਰੂ ਦੀ ਬਾਣੀ ਸਬੰਧੀ ਸ਼ੰਕੇ ਖੜ੍ਹੇ ਕਰਦੇ ਹਨ, ਜਿਵੇਂ 'ਅਸੀਂ ਤਾਂ ਕਿਧਰੇ ਨਹੀਂ ਪੜ੍ਹਿਆ ਕਿ ਗੁਰਬਾਣੀ ਵਿੱਚ ਸੰਗਰਾਂਦ ਜਾਂ ਸ਼ੁੱਭ-ਅਸ਼ੁੱਭ ਦਿਹਾੜਿਆਂ ਦੀ ਨਿਖੇਧੀ ਕੀਤੀ ਹੈ, ਤੁਸੀਂ ਨਵੇਂ ਪ੍ਰਚਾਰਕ ਜੰਮ ਪਏ ਹੋ, ਵਾਧੂ ਦਾ ਬਖੇੜਾ ਖੜ੍ਹਾ ਕਰਦੇ ਹੋ।' ਤਰਸ ਉਨ੍ਹਾਂ 'ਤੇ ਜ਼ਿਆਦਾ ਆਉਂਦਾ ਹੈ ਜੋ ਕਹਿੰਦੇ ਹਨ 'ਅਸੀਂ ਕੱਟੜ ਵਿਚਾਰਾਂ ਨਾਲ ਸਹਿਮਤ ਨਹੀਂ, ਭਾਵ ਇੱਕ-ਪਤੀ ਵਾਲੀ ਇਸਤਰੀ ਭਾਵ ਪਤੀਬ੍ਰਤਾ ਨੂੰ ਰਾਹ ਦੱਸਦੇ ਹਨ ਕਿ ਤੂੰ ਇਤਨੀ ਕੱਟੜ ਹੈਂ ਕਿ ਆਪਣੇ ਪਤੀ ਤੋਂ ਬਗ਼ੈਰ ਕਿਸੇ ਹੋਰ ਵੱਲ ਨਹੀਂ ਵੇਖਦੀ। ਮੌਜੂਦਾ ਸਮੱਸਿਆ ਬੜੀ ਪੇਚੀਦਾ ਹੋ ਚੁੱਕੀ ਹੈ। ਇਸ ਬੇਸੁਰਤੀ (coma) ਵਾਲੀ ਅਵਸਥਾ ਵਿੱਚੋਂ ਸੰਗਤਾਂ ਨੂੰ ਬਾਹਰ ਕੱਢਣਾ ਸਮੇਂ ਦੀ ਵੱਡੀ ਲੋੜ ਹੈ। ਚੇਤਨਾ ਮਾਰਚਾਂ ਵਿੱਚ ਮੋਟਰ ਗੱਡੀਆਂ ਦੇ ਜਲੂਸ ਕੱਢਣ ਨਾਲ ਕਦੇ ਚੇਤਨਾ ਨਹੀਂ ਆਵੇਗੀ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੀਊ ਦਾਦੇ ਦੇ ਖਜ਼ਾਨੇ ਨੂੰ ਖੋਲ੍ਹ ਕੇ ਇਸ ਵਿੱਚ ਲਿਖੇ ਸ਼ਬਦਾਂ ਦੀ ਵਿਆਖਿਆ ਕਰ ਕੇ ਦੱਸਣੀ ਹੋਵੇਗੀ। ਹਉਮੈ ਦੀ ਟੀਸੀ ਤੋਂ ਹੇਠ ਉਤਰ ਕੇ ਕਿਸੇ ਅਣਜਾਣ ਬੰਦੇ ਤੋਂ ਪੁੱਛ ਲਵੋ, ਉਹ ਵੀ ਇਸੇ ਤਰ੍ਹਾਂ ਦੀ ਰਾਏ ਦੇਵੇਗਾ।

*****

## ਪਾਠ ਬਨਾਮ ਮਨਮਤਿ
## ਦਿਨ-ਬ-ਦਿਨ ਵਧ ਰਹੀ ਰਸਮੀ ਪਾਠਾਂ ਦੀ ਦੌੜ

*ਨਿਸ਼ਾਨ ਸਿੰਘ ਗੰਡੀਵਿੰਡ*

ਇੱਕ ਨਹੀਂ, ਬਲਕਿ ਸਭ ਧਰਮਾਂ ਵਿੱਚ ਆਪਣੇ-ਆਪਣੇ ਧਰਮਾਂ ਨਾਲ ਸਬੰਧਤ ਪਵਿੱਤਰ ਧਾਰਮਕ ਗ੍ਰੰਥਾਂ, ਪੋਥੀਆਂ ਦੇ ਪਾਠ ਕਰਨ ਦਾ ਰਿਵਾਜ ਹੈ। ਸਾਡੀ (ਮਾਨਵਜਾਤੀ ਦੀ) ਸੋਚ ਹੀ ਐਸੀ ਬਣ ਗਈ ਹੈ ਕਿ ਬਗੈਰ ਕਿਸੇ ਸੋਚ ਵਿਚਾਰ ਦੇ ਧਾਰਮਕ ਗ੍ਰੰਥਾਂ, ਪੋਥੀਆਂ ਦੇ ਉਪਦੇਸ਼ ਨੂੰ ਸੁਣੀ-ਸੁਣਾਈ ਜਾ ਰਹੇ ਹਨ। ਕੇਵਲ ਪਾਠ ਕਰਨ-ਕਰਵਾਉਣ ਨਾਲ ਹੀ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ, ਜਿੰਨੀਂ ਦੇਰ ਤੱਕ ਅਸੀਂ (ਸਿੱਖ) ਮਨ ਕਰਕੇ ਗੁਰਬਾਣੀ ਨੂੰ ਪੜ੍ਹਦੇ-ਸੁਣਦੇ ਨਹੀਂ ਅਤੇ ਆਪਣੇ ਅਸਲੀ ਜੀਵਨ ਵਿੱਚ ਨਹੀਂ ਲਿਆਉਂਦੇ।

ਗੁਰਬਾਣੀ ਬਾਰੇ ਇੱਕ ਮਨਮਤੀਏ ਦਾ ਵਿਚਾਰ ਇਸ ਤਰ੍ਹਾਂ ਹੈ ਜੋ ਉਸ ਦੀ ਪੁਸਤਕ 'ਗੁਰਮਤਿ ਸਿਧਾਂਤ' ਵਿੱਚ ਦਰਜ ਹੈ "ਗੁਰਬਾਣੀ ਇੱਕ ਅਥਾਹ ਸਮੁੰਦਰ ਹੈ ਜਿਸ ਵਿੱਚ ਨਾਮ ਰੂਪੀ ਅਨੇਕ ਹੀਰੇ, ਪੰਨੇ, ਜਵੇਹਰ ਅਤੇ ਲਾਲ ਹਨ। ਜੇਹੜਾ ਮਰਜੀਵਾ ਹੋ ਕੇ ਚੁੱਭੀ ਮਾਰੇ, ਓਹੀ ਇਸ ਵਿੱਚੋਂ ਰਤਨ-ਪਦਾਰਥ ਲੱਭ ਲੈਂਦਾ ਹੈ ਤੇ ਉਸ ਧਰਮ-ਪਦਵੀ ਨੂੰ ਪਾ ਕੇ ਸਦਾ ਲਈ ਮਹਾਂ-ਅਨੰਦ ਦੇ ਜੀਵਨ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਸ ਦੀ ਗੁਰਬਾਣੀ ਵਿੱਚ ਥਾਂ-ਥਾਂ ਮਹਿਮਾ ਹੈ।" (ਭਾਵ ਜਿੱਥੇ ਜੀਵ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ)

ਜੋ ਗੁਰੂ ਸਾਹਿਬਾਨ ਤੇ ਸ੍ਰੇਸ਼ਟ ਭਗਤਾਂ ਦੁਆਰਾ ਉਚਾਰਣ ਕੀਤੀ ਗਈ ਬਾਣੀ ਗੁਟਕਿਆਂ, ਪੋਥੀਆਂ ਦੇ ਰੂਪ ਵਿੱਚ ਸੀ, ਉਸ ਸਮੁੱਚੀ ਬਾਣੀ ਨੂੰ ਗੁਰੂ ਰਾਮਦਾਸ ਜੀ ਨੇ ਗੁਰੂ ਦਾ ਦਰਜਾ ਦਿੱਤਾ:

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥***
***ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥(ਮ. ੪ ਅੰਗ 982)***

ਤਾਂ ਜੁ ਗੁਰੂ ਸਾਹਿਬਾਨ ਤੇ ਉਹਨਾਂ ਦੇ ਵਿਚਾਰਾਂ ਨਾਲ ਮੇਲ ਖਾਣ ਵਾਲੇ ਲੋਕਾਂ (ਸਿੱਖਾਂ) ਨੂੰ ਧਾਰਮਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਖੇਤਰਾਂ ਵਿੱਚ ਵਿੱਚ ਵਿਚਰਨ ਦੀ ਸਹੀ ਸੇਧ ਮਿਲ ਸਕੇ।

ਇਸ ਸਰਬ ਸ੍ਰੇਸ਼ਟ (ਗੁਰੂ) ਗ੍ਰੰਥ ਸਾਹਿਬ ਜੀ ਦੀ ਉਚੇਚੀ ਸਿੱਖਿਆ ਦੀ ਮਹਾਨਤਾ ਨੂੰ ਵੇਖ ਕੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1708 ਈ: ਨੂੰ ਗੁਰਤਾ ਗੱਦੀ ਸੌਂਪ ਕੇ 'ਦੇਹਧਾਰੀ' ਗੁਰੂ ਦੀ ਪ੍ਰਥਾ (ਸਿੱਖਾਂ ਵਿਚੋਂ) ਸਦਾ ਲਈ ਖਤਮ ਕਰ ਦਿੱਤੀ ਗਈ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਜਦੋਂ ਸਿੱਖਾਂ ਨੇ ਗੁਰੂ-ਸਾਹਿਬ ਨੂੰ ਬੇਨਤੀ ਕੀਤੀ ਕਿ ਹੁਣ ਅਸੀਂ ਆਪ ਜੀ ਦੇ ਦਰਸ਼ਨ ਕਿਵੇਂ ਕਰਿਆ ਕਰਾਂਗੇ ? ਕਿਵੇਂ ਆਪ ਜੀ ਨਾਲ ਬਚਨ ਕਰਿਆ ਕਰਾਂਗੇ ? ਅਤੇ ਹੁਣ ਕੌਣ ਸਾਡੇ ਗੁਰੂ ਜੀ ਹੋਣਗੇ ? ਤਾਂ ਗੁਰੂ ਜੀ ਨੇ ਸਭ ਸੰਗਤਾਂ ਨੂੰ ਉਪਦੇਸ਼ ਦਿੱਤਾ:-

***ਜੋ ਮੁਝ ਬਚਨ ਕਰਨ ਕੀ ਚਾਹਿ ॥ ਗੁਰੂ ਗਰੰਥ ਪੜੇ ਚਿਤ ਆਇ ॥***
***ਮੇਰੋ ਰੂਪ ਗਰੰਥ ਜੀ ਜਾਨ ॥ ਇਸ ਮੈ ਭੇਦ ਨ ਰੰਚ ਪਛਾਨ ॥***

*(ਭਾਈ ਨੰਦ ਲਾਲ ਜੀ)*

ਜ਼ਿਆਦਾਤਰ ਸਿੱਖ ਅਨਪੜ੍ਹ ਹੋਣ ਕਾਰਣ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਖ਼ੁਦ ਪੜਨ-ਵਿਚਾਰਨ ਤੋਂ ਅਸਮਰੱਥ ਸਨ ਪਰ ਉਹਨਾਂ ਦੇ ਮਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨਾਲ ਬਚਨ ਸਾਂਝੇ ਕਰਨ ਦੀ, ਭਾਵ ਗੁਰੂ ਜੀ ਦੇ ਪਵਿੱਤਰ ਉਪਦੇਸ਼ ਸ੍ਰਵਨ ਕਰਨ ਦੀ ਮਨ ਵਿੱਚ ਤੀਬਰ ਇੱਛਾ ਸੀ। ਉੱਪਰੋਂ ਮੁਗ਼ਲ ਹਕੂਮਤ ਵੱਲੋਂ ਸਿੱਖਾਂ ਤੇ ਸਿੱਖੀ ਨੂੰ ਪੱਕੇ ਤੌਰ 'ਤੇ ਖਤਮ ਕਰਨ ਲਈ ਅਤਿ ਦਾ ਕਹਿਰ ਵਰਤਾਇਆ ਜਾ ਰਿਹਾ ਸੀ। ਇੱਕ ਉਸ ਸਮੇਂ ਹੱਥ ਲਿਖਤ ਗੁਰਬਾਣੀ ਦੇ ਗੁਟਕੇ, ਪੋਥੀਆਂ ਅਤੇ ਪਵਿੱਤਰ ਬੀੜਾਂ ਟਾਵੀਆਂ-

ਟਾਵੀਆਂ ਸਨ ਤੇ ਉਹ ਵੀ ਖ਼ਾਸ ਥਾਂਵਾਂ ਤੋਂ ਮਿਲਦੀਆਂ ਸਨ। ਇਹਨਾਂ ਦੀ ਸੰਭਾਲ ਨਿਰਮਲੇ ਸੰਤ, ਉਦਾਸੀ ਸਾਧੂ ਤੇ ਹੋਰ ਧਰਮੀ ਲੋਕ ਕਰਦੇ ਸਨ। "ਖ਼ਾਲਸੇ ਦੇ ਬੁੱਢੇ ਦਲ ਦੀ ਰੀਤ ਸੀ ਕਿ ਜਦ ਮੁਹਿੰਮ 'ਤੇ ਜਾਣ ਜਾਂ ਹੋਰ ਕਠਿਨ ਕਾਰਜ ਕਰਨ ਦਾ ਮੌਕਾ ਬਣੇ, ਤਦ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ, ਅਰਦਾਸਾ ਸੋਧ ਕੇ ਚੜ੍ਹਾਈ ਕੀਤੀ ਜਾਂਦੀ ਸੀ। ਕਦੇ-ਕਦੇ ਐਸਾ ਕਰਨ ਵਿੱਚ ਕਈ ਦਿਨ ਲੱਗ ਜਾਂਦੇ ਸਨ ਅਰ ਢਿੱਲ ਪੈਣ 'ਤੇ ਕਈ ਤਰ੍ਹਾਂ ਦੇ ਵਿਘਨ ਹੋ ਜਾਂਦੇ ਸਨ। ਸਿਆਣਿਆਂ ਦੀ ਸਲਾਹ ਨਾਲ ਅਖੰਡ ਪਾਠ ਦਾ ਪ੍ਰਬੰਧ ਕੀਤਾ ਗਿਆ ਕਿ ੧੩ ਪਹਿਰ ਵਿੱਚ ਭੋਗ ਪਾ ਕੇ ਕਾਰਜ ਆਰੰਭ ਕੀਤਾ ਜਾਵੇ। ਬੁੱਢੇ ਦਲ ਤੋਂ ਤਰਨਾ ਦਲ ਨੇ ਰੀਤ ਲਈ ਅਤੇ ਫਿਰ ਸਾਰੇ ਪੰਥ ਵਿੱਚ ਰਿਵਾਜ ਪੈ ਗਿਆ। ਹੌਲੀ-ਹੌਲੀ ਅਖੰਡ ਪਾਠ ਤੰਤ੍ਰ ਸ਼ਾਸਤ੍ਰ ਦੇ ਦੱਸੇ ਪ੍ਰਯੋਗਾਂ ਵਾਂਗ ਇੱਕ ਮੰਤ੍ਰ ਜਾਪ ਹੋ ਗਿਆ। ਉਸੇ ਤਰ੍ਹਾਂ ਅਖੰਡ ਦੀਵਾ, ਧੂਪ ਕਲਸ਼ ਸਥਾਪਨ, ਨਲੀਏਰ ਆਦਿਕ ਦਾ ਵਰਤਾਉ ਹੋਣ ਲੱਗਾ। ਮਨੋ ਕਾਮਨਾ ਦੀ ਪੂਰਤੀ ਲਈ ਇਹ ਪਾਠ ਉੱਤਮ ਸਾਧਨ ਮੰਨਿਆ ਗਿਆ।"

(ਗੁਰਮਤਿ ਮਾਰਤੰਡ, ਪੰਨਾ 422)

"ਕਈ ਧਰਮਸਾਲਾ ਦੇ ਮਹੰਤ, ਪੁਜਾਰੀ, ਗ੍ਰੰਥੀ ਪਾਠ ਤਿਆਰ ਕਰ ਕੇ ਰੱਖਦੇ ਸਨ। ਜੇ ਕੋਈ ਸ਼ਰਧਾਵਾਨ ਆਖਦਾ ਹੈ ਕਿ ਮੇਰੇ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਦਿਓ ਤਾਂ ਉੱਤਰ ਮਿਲਦਾ ਹੈ ਕਿ ਅਸੀਂ ਕਈ ਪਾਠ ਤਿਆਰ ਕੀਤੇ ਹੋਏ ਹਨ, ਆਪ ਕੜਾਹ ਪ੍ਰਸ਼ਾਦ, ਰੁਮਾਲ, ਨਕਦੀ ਭੇਟਾ ਅਰਪਨ ਕਰ ਕੇ ਹੁਣੇ ਭੋਗ ਪਵਾ ਸਕਦੇ ਹੋ। ਭੋਲ਼ੇ ਸਿੱਖ ਧੰਨ ਭਾਗ ਜਾਣ ਕੇ ਇਸ ਸੌਦੇ ਨੂੰ ਪਸੰਦ ਕਰਦੇ ਹਨ। ਘੜੀ ਅੰਦਰ ਪਾਠ ਦਾ ਮਹਾਤਮ ਖ਼ਰੀਦ ਲਿਆ ਜਾਂਦਾ ਹੈ।"

('ਗੁਰਮਤਿ ਮਾਰਤੰਡ', ਪੰਨਾ ੪੨੨)

ਕੀ ਹੁਣ ਵੀ ਇਤਿਹਾਸਕ ਗੁਰਦੁਆਰਿਆਂ ਅਤੇ ਅਖੌਤੀ ਸਾਧਾਂ ਦੇ ਡੇਰਿਆਂ ਅੰਦਰ ਕੀਤੇ-ਕਰਾਏ ਪਾਠ ਮਿਲਦੇ ਹਨ? ਇੱਕ ਵਾਰ ਪਤਾ ਲੱਗਾ ਕਿ ਕਿਸੇ ਗੁਰਦੁਆਰੇ/ਡੇਰੇ ਅੰਦਰ ਦਸਾਂ-ਬਾਰਾਂ ਅਖੰਡ ਪਾਠਾਂ ਦੀ ਲੜੀ ਚੱਲਦੀ ਸੀ। ਇਹਨਾਂ ਵਿੱਚ ਜ਼ਿਆਦਾ ਪਾਠ ਸ਼ਰਧਾਲੂਆਂ ਵੱਲੋਂ ਚਿੱਠੀ-ਵਾਰਤਾ ਅਤੇ ਟੈਲੀਫੋਨ ਰਾਹੀਂ ਹੀ ਬੁੱਕ ਕਰਾਏ ਜਾਂਦੇ ਸਨ। ਭੋਗ ਪੈਣ ਉਪਰੰਤ ਸਿਰੋਪਾ ਅਤੇ ਹੁਕਮਨਾਮਾ ਉਹਨਾਂ ਦੇ ਘਰ ਪਹੁੰਚਾ ਦਿੱਤਾ ਜਾਂਦਾ ਸੀ। ਕਈ ਸ਼ਰਧਾਲੂ ਪਰਿਵਾਰਾਂ ਨੂੰ ਇਹ 'ਪਾਠ' ਉਹਨਾਂ ਦੇ ਦੱਸ ਕੇ ਉਹਨਾਂ ਕੋਲੋਂ ਚੰਦਾ ਆਦਿ ਲੈ ਕੇ ਲੁੱਟਿਆ ਤੇ ਬੁੱਧੂ ਬਣਾਇਆ ਜਾਂਦਾ ਸੀ। 1995 ਵਿੱਚ ਇਹ ਡੇਰਾ ਐਸ.ਜੀ.ਪੀ.ਸੀ ਦੇ ਪ੍ਰਬੰਧ ਹੇਠ ਚੱਲ ਰਿਹਾ ਸੀ।

ਯਾਦ ਰਹੇ ਕਿ ਗੁਰੂ-ਕਾਲ ਵਿੱਚ ਕੋਈ ਅਖੰਡ ਪਾਠ ਨਹੀਂ ਹੋਇਆ। ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ' ਵਿੱਚ ਲਿਖਿਆ ਹੈ ਕਿ ਜੱਸਾ ਸਿੰਘ ਆਹਲੂਵਾਲੀਏ ਨੇ ਜਦ ਅਬਦਾਲੀ ਦੇ ਹਮਲੇ ਉਪਰੰਤ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦੁਆਰਾ ਆਰੰਭ ਕੀਤੀ ਤਾਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ ਗਿਆ।

ਜੇਕਰ ਕਿਹਾ ਜਾਵੇ ਕਿ ਅਖੰਡ ਪਾਠ ਕਰਵਾਉਣਾ ਇੱਕ ਰਸਮ/ ਰਿਵਾਜ ਜਿਹਾ ਹੀ ਬਣ ਗਿਆ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਜਦੋਂ ਕੋਈ ਪਰਿਵਾਰ ਆਪਣੇ ਬੱਚੇ ਦੀ ਦਸਤਾਰ ਬੰਦੀ ਤੇ ਵਿਆਹ- ਸ਼ਾਦੀ ਦੇ ਸਬੰਧੀ ਜਾਂ 'ਸੁੱਖਣਾ' ਮੁਤਾਬਕ ਘਰ ਵਿੱਚ ਅਖੰਡ ਪਾਠ ਕਰਵਾਉਂਦਾ ਤਾਂ ਉਹ ਪਰਿਵਾਰ ਗੁਰੂ ਜੀ ਦੀ ਹਜ਼ੂਰੀ ਵਿੱਚ ਬੈਠ ਕੇ ਪਾਠ/ਬਾਣੀ ਸ੍ਰਵਨ ਨਹੀਂ ਕਰਦਾ ਸਗੋਂ ਭੋਗ ਪੈਣ ਦੀ ਦੇਰ ਹੀ ਹੁੰਦੀ ਹੈ, ਗੁਰੂ ਮਹਾਰਾਜ ਦਾ ਪਾਵਨ ਸਰੂਪ ਵੀ ਅਜੇ ਘਰੇ ਹੀ ਹੁੰਦਾ ਹੈ, ਪਰ ਉਸ ਪਰਿਵਾਰ ਵੱਲੋਂ ਸ਼ਰਾਬ-ਪਿਆਲੇ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਬਜ਼ੁਰਗ ਦੀ ਮੌਤ ਦੇ ਸਬੰਧ ਵਿੱਚ ਰੱਖੇ ਗਏ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਸ਼ਰਾਬ-ਪਿਆਲਾ ਵਰਤਾਇਆ ਜਾਂਦਾ ਹੈ। ਕਈ ਵਾਰ ਤਾਂ ਮੀਟ-ਸ਼ਰਾਬ ਦੇ ਭੋਗ ਦੇ ਫ਼ਜ਼ੂਲ ਖ਼ਰਚੇ ਵਿੱਚ ਪਰਿਵਾਰ ਵੱਲੋਂ ਮਾਸਾ ਕੰਜੂਸੀ ਨਹੀਂ ਕੀਤੀ ਜਾਂਦੀ ਹੈ ਪਰ ਪਾਠੀ ਸਿੰਘ ਆਪਣੀ ਪੂਰੀ ਭੇਟਾ ਲੈਣ ਵਾਸਤੇ ਮਗਰ-ਮਗਰ ਲਿਲ੍ਹਕੜੀਆਂ ਲੈਂਦੇ ਫਿਰਦੇ ਹਨ। ਅਗਰ ਐਸੇ ਪਰਿਵਾਰ ਨੂੰ ਬਾਣੀ ਸੁਣਨ ਲਈ ਕਹੀਏ ਜਾਂ ਭੋਗ ਉਪਰੰਤ ਕੀਤੀਆਂ ਜਾਂਦੀਆਂ ਮੀਟ-ਸ਼ਰਾਬ ਵਰਤਾਉਣ ਵਰਗੀਆਂ ਕੁਰੀਤੀਆਂ ਕਰਨ ਤੋਂ ਰੋਕਿਆ ਜਾਵੇ ਤਾਂ ਝੱਟ ਜਵਾਬ ਦੇਂਦੇ ਨੇ, 'ਬਾਬਾ ਤੂੰ ਆਪ ਦਾ (ਬਾਣੀ ਪੜ੍ਹਨ) ਦਾ ਕੰਮ ਕਰ....... ਸਾਡੇ ਕੰਮ 'ਚ ਟੰਗ ਨਾ ਅੜਾ.... ਅਸੀਂ ਤਾਂ ਪਾਠ ਕਰਵਾਉਣਾ ਹੀ ਨਹੀਂ ਸੀ........ ਅਸੀਂ ਸੋਚਿਆ ਨਾਲੇ ਸੁੱਖਣਾ ਲਹਿ ਜੂ..... ਨਾਲੇ ਲੋਕਾਂ ਵਿੱਚ ਨੱਕ ਰਹਿ ਜੂ।' ਕੀ ਇਸ ਤਰ੍ਹਾਂ ਦੀ ਸੋਚ ਵਾਲੇ ਆਪਣਾ ਲੋਕ-ਪ੍ਰਲੋਕ ਸਵਾਰ ਲੈਣਗੇ? ਕਈ ਸ਼ਰਧਾ ਵੱਸ ਹੋਏ ਅਖੰਡ ਪਾਠ ਤਾਂ ਕੀ, ਡੇਰੇਦਾਰਾਂ (ਅਖ਼ੌਤੀ ਸਾਧਾਂ-ਸੰਤਾਂ) ਕੋਲੋਂ 'ਸਪਤਾਹ ਪਾਠ' (ਸੱਤਾਂ ਦਿਨਾਂ ਵਿੱਚ ਪਾਠ ਸਮਾਪਤ ਕਰਨਾ), 'ਸੰਪਟ ਪਾਠ' (ਕਿਸੇ ਤੁਕ ਨੂੰ ਭਾਵਨਾ ਅਨੁਸਾਰ ਫਲ਼ ਦੇਣ ਵਾਲੀ ਮੰਨ ਕੇ ਹਰੇਕ ਸ਼ਬਦ ਤੋਂ ਸਲੋਕ ਪਉੜੀ ਦੇ ਆਦਿ ਅੰਤ ਵਿੱਚ ਪਾਠ ਕਰਨਾ) ਕਰਵਾ ਰਹੇ ਹਨ ਅਤੇ ਕਈ ਪੰਥਕ ਰਹਿਤ ਮਰਯਾਦਾ ਤੋਂ ਭਗੌੜੇ ਡੇਰੇਦਾਰ ਭੋਲ਼ੇ-ਭਾਲ਼ੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਲੁੱਟਣ-ਪੁੱਟਣ ਲਈ ਕਈ ਤਰ੍ਹਾਂ ਦੀ ਮਰਯਾਦਾ ਨਾਲ ਉਹਨਾਂ ਕੋਲੋਂ ਪਾਠ ਕਰਵਾ ਰਹੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਇਹਨਾਂ ਡੇਰੇਦਾਰ ਦੇ ਪਿੱਛੇ ਲੱਗੇ ਕਈ ਸ਼ਰਧਾਲੂ ਭਰਮਜਾਲ ਵਿੱਚ ਫਸੇ ਹੋਏ ਹਨ ਕਿ ਇਹਨਾਂ ਡੇਰੇਦਾਰਾਂ ਨੂੰ ਖੁਸ਼ ਰੱਖਣ ਲਈ ਤੇ ਫੋਕੀ ਸ਼ੁਹਰਤ ਪ੍ਰਾਪਤ ਕਰਨ ਲਈ ਘਰ ਦਾ ਭਾਂਡਾ-ਠੀਕਰ ਵੇਚ-ਵੱਟ ਕੇ ਜਾਂ ਕਰਜ਼ਾ ਚੁੱਕ ਕੇ ਹੀ ਪਾਠ ਕਰਵਾਏ ਜਾ ਰਹੇ ਹਨ। ਪੰਥ ਪ੍ਰਵਾਨਤ 'ਸਿੱਖ ਰਹਿਤ ਮਰਿਯਾਦਾ' ਵਿੱਚ ਸਹਿਜ ਪਾਠ ਤੇ ਅਖੰਡ ਪਾਠ ਦੇ ਸਬੰਧ ਵਿੱਚ ਇਸ ਤਰ੍ਹਾਂ ਲਿਖਿਆ ਹੈ:

**ਸਹਿਜ ਪਾਠ:** (ੳ): ਹਰ ਇੱਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਅਸਥਾਨ ਨਿਯਤ ਕਰਨਾ ਚਾਹੀਏ।

(ਅ) ਹਰ ਇੱਕ ਸਿੱਖ-ਸਿੱਖਣੀ, ਬੱਚੇ-ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।

(ੲ) ਹਰ ਇੱਕ ਸਿੱਖ ਅੰਮ੍ਰਿਤ ਵੇਲੇ ਪ੍ਰਸਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ। ਜੇ ਇਸ ਵਿੱਚ ਉਕਾਈ ਹੋ ਜਾਵੇ ਤਾਂ

ਦਿਨ ਵਿੱਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰੱਥ ਹੋਵੇ ਤਾਂ ਸ਼ੰਕਾ ਨਹੀਂ ਕਰਨਾ।

(ਸ) ਚੰਗਾ ਤਾਂ ਇਹ ਹੈ ਕਿ ਹਰ ਇੱਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੇ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿੱਚ ਹੋ ਸਕੇ) ਭੋਗ ਪਾਵੇ।

(ਹ) ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇੱਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸ ਕਰ ਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

**ਅਖੰਡ ਪਾਠ**: ਉਹ ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ ੪੮ ਘੰਟੇ ਵਿੱਚ ਪੂਰਾ ਕੀਤਾ ਜਾਂਦਾ ਹੈ। ਇਸ ਵਿੱਚ ਪਾਠ ਲਗਾਤਾਰ ਬਿਨਾ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁੱਝ ਵੱਧ ਲੱਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ ਉਹ ਆਪ ਕਰੇ। ਟੱਬਰ ਦੇ ਆਦਮੀ, ਸਾਕ-ਸਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ, ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ-ਸ਼ਕਤਿ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਵੀ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ-ਨਾਲ ਜਾਂ ਵਿੱਚ-ਵਿੱਚ ਕਿਸੇ ਹੋਰ ਬਾਣੀ ਦਾ ਪਾਠ ਕਰਨਾ ਮਨਮਤਿ ਹੈ।

ਅੱਜ ਬਹੁਤ ਸਾਰੇ ਆਖੰਡ ਪਾਠੀ/ਗ੍ਰੰਥੀ ਬ੍ਰਾਹਮਣੀ ਮੱਤ ਦੇ ਧਾਰਨੀ ਸਾਧਾਂ ਜਾਂ ਉਹਨਾਂ ਦੀਆਂ ਸੰਪਰਦਾਵਾਂ ਵਿੱਚ ਪਾਠ ਕਰਨਾ ਸਿੱਖੇ ਹਨ, ਸੋ ਉਹਨਾਂ ਦੀ ਸੋਚ ਵੀ ਬ੍ਰਾਹਮਣੀ ਹੈ। ਕੁਝ ਕੁ ਮੇਰੇ ਵਰਗੇ ਪੇਟ ਪੂਰਤੀ ਵਾਸਤੇ ਪਾਠ ਨੂੰ ਰੁਜ਼ਗਾਰ ਬਣਾਈ ਬੈਠੇ ਹਨ ਜਿਨ੍ਹਾਂ ਨੇ ਕਦੇ-ਕਦੇ ਗੁਰਬਾਣੀ ਨੂੰ ਸ਼ੁੱਧ ਪੜ੍ਹਣ-ਵਿਚਾਰਨ ਅਤੇ ਸਿੱਖ ਰਹਿਤ ਮਰਯਾਦਾ 'ਤੇ ਕਦੇ ਪਹਿਰਾ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਉਹ ਆਪਣੇ-ਆਪ ਨੂੰ ਬਹੁਤ ਸਿਆਣਾ ਸਮਝਦੇ ਹਨ। ਅਗਰ ਸੁਲਝੇ ਹੋਏ ਅਖੰਡ ਪਾਠੀ/ਗ੍ਰੰਥੀ ਹਨ ਵੀ ਤਾਂ ਉਹ ਪਰਿਵਾਰ ਨੂੰ ਗੁਰਮਤਿ ਬਾਰੇ ਦੱਸਣ ਤੋਂ ਝਿਜਕਦੇ ਹਨ, ਪਤਾ ਨਹੀਂ ਕਿਉਂ ? ਅਖੰਡ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਜਲ, ਦਾਣੇ, ਨਲੀਏਰ, ਲਾਲ ਕੱਪੜਾ, ਜੋਤ ਜਗਾ ਕੇ ਕਰਮ-ਕਾਂਡ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਅਗਰ ਇਸ ਕਰਮ-ਕਾਂਡ ਬਾਰੇ ਕਿਸੇ ਗ੍ਰੰਥੀ ਨੂੰ ਪੁੱਛਿਆ ਵੀ ਜਾਵੇ ਤਾਂ ਉਹ ਠੋਸ ਜਵਾਬ ਨਹੀਂ ਦੇਂਦਾ। ਹਿੰਦੂ ਮੱਤ ਅਨੁਸਾਰ ਕੁੰਭ ਭਾਵ ਘੜੇ ਵਿੱਚ ਰੱਖਿਆ ਹੋਇਆ ਪਾਣੀ ਵਰਣ ਦੇਵਤੇ ਦੀ ਪੂਜਾ, ਘੜੇ ਥੱਲੇ ਰੱਖੇ ਦਾਣੇ ਅੰਨ ਦੇਵਤੇ ਦੀ ਪੂਜਾ, ਨਲੀਏਰ ਗਣੇਸ਼ ਦੀ, ਲਾਲ ਕੱਪੜਾ ਤੇ ਮੌਲੀ ਦੇਵੀ ਦੀ ਪੂਜਾ, ਜੋਤ ਜਾਂ ਦੀਵਾ ਅਗਨ ਦੇਵਤੇ ਦੀ ਪੂਜਾ ਹੈ। ਇੱਕ ਵਾਰ ਕਿਸੇ ਗ੍ਰੰਥੀ ਸਿੰਘ ਨੂੰ ਦੱਸਿਆ ਕਿ ਪਹਿਲਾਂ ਸਾਧਾਰਨ (ਖੁੱਲ੍ਹੇ) ਪਾਠ ਹੁੰਦਾ ਸੀ। ਪਾਠੀ ਵੱਲੋਂ ਘਰ ਵਾਲਿਆਂ ਨੂੰ ਭਰਮ ਪਾਇਆ ਜਾਂਦਾ ਸੀ ਕਿ ਜਿਹੜੇ ਦਾਣੇ ਤੁਸੀਂ ਕੁੰਭ ਥੱਲੇ ਰੱਖਣੇ ਹਨ ਜੇ ਉਹ ਪੁੰਗਰ ਪਏ ਤਾਂ ਤੁਹਾਡਾ ਪਾਠ ਕਰਾਇਆ ਸਫਲ, ਜੇ ਨਾ ਪੁੰਗਰੇ ਤਾਂ ਅਸਫਲਾ। ਹੁਣ ਵੀਚਾਰੀਏ ਕਿ ਰੇਤਾ ਜਾਂ ਮਿੱਟੀ ਉੱਪਰ ਦਾਣੇ, ਉੱਪਰ ਕੋਰਾ ਭਾਂਡਾ ਜਿਸ ਵਿੱਚੋਂ ਪਾਣੀ ਸਿੰਮਦਾ ਹੈ, ਤਾਂ ਕੀ ਦਾਣੇ ਪੁੰਗਰਨਗੇ ਨਹੀਂ ? ਜ਼ਰੂਰ ਪੁੰਗਰਨਗੇ ! ਘਰ ਵਾਲੇ ਨੂੰ ਜਦੋਂ ਦੱਸਿਆ ਕਿ ਤੁਹਾਡੀ ਖੇਤੀ ਹਰੀ ਹੋ ਗਈ, ਪਾਠ ਨਿਰਵਿਘਨ ਸੰਪੂਰਨ ਹੋਇਆ ਤਾਂ ਉਹ ਵਹਿਮੀ ਪਰਿਵਾਰ ਗ੍ਰੰਥੀ ਨੂੰ ਮੂੰਹ ਮੰਗੀ ਭੇਟਾ ਦੇਣ ਲਈ ਮਜਬੂਰ ਹੋ ਜਾਂਦਾ ਸੀ। ਪਹਿਲਾਂ ਬਿਜਲੀ ਨਹੀਂ ਸੀ, ਅਖੰਡ ਪਾਠ ਦੇ ਸਮੇਂ ਰਾਤ ਨੂੰ ਚਾਨਣ ਦੀ ਲੋੜ ਸੀ, ਮਿੱਟੀ ਦੇ ਤੇਲ ਨੂੰ ਜਗਾ ਕੇ ਪੜ੍ਹਿਆ ਨਹੀਂ ਸੀ ਜਾਂਦਾ (ਉਸ ਦੀ ਭੈੜੀ ਬਦਬੂ ਤੇ ਧੂੰਆਂ ਜ਼ਿਆਦਾ ਹੋਣ ਕਰਕੇ)। ਘਰਾਂ ਵਿੱਚ ਆਮ ਦੇਸੀ ਘਿਉ ਹੁੰਦਾ ਸੀ, ਰਾਤ ਨੂੰ ਘਿਉ ਦਾ ਦੀਵਾ ਜਗਾ ਕੇ ਚਾਨਣ ਕੀਤਾ ਜਾਂਦਾ ਸੀ। ਇਸ ਦੀਵੇ ਨੂੰ ਸ਼ਰਧਾ ਵੱਸ ਹੋਇਆਂ ਜੋਤ ਕਿਹਾ ਜਾਂਦਾ ਸੀ। ਮਗਰ ਦਿਨ ਵੇਲੇ ਵੀ ਇਸ ਨੂੰ ਬੁਝਾਉਣ ਦੀ ਕੋਸ਼ਿਸ਼ ਇਹ ਕਹਿ ਕੇ ਨਹੀਂ ਸੀ ਕੀਤੀ ਜਾਂਦੀ ਕਿ 'ਬਥੇਰਾ ਘਿਉ ਦਿੱਤਾ ਮਹਾਰਾਜ ਨੇ ........ ਜਗਣ ਦਿਓ।' ਇਸ ਤਰ੍ਹਾਂ ਇਹ ਹੌਲੀ-ਹੌਲੀ ਕਰਮ-ਕਾਂਡ ਬਣ ਗਿਆ। ਬ੍ਰਾਹਮਣੀ ਮੱਤ ਅਨੁਸਾਰ ਕਿਸੇ ਵੀ ਮੰਤਰ ਦੇ ਜਾਪ ਤੋਂ ਬਾਅਦ ਬਲੀ ਦੇਣੀ ਪੈਂਦੀ ਹੈ। ਅਖ਼ੌਤੀ ਸਿੱਖਾਂ ਨੇ ਵੀ ਗੁਰਬਾਣੀ ਦੇ ਪਾਠ ਨੂੰ ਕੇਵਲ ਮੰਤਰ ਸਮਝਿਆ। ਗ੍ਰੰਥੀਆਂ ਨੇ ਵਹਿਮ ਪਾ ਦਿੱਤਾ ਕਿ ਪਹਿਲਾਂ ਕਿਸੇ ਮੰਤ੍ਰ ਤੋਂ ਬਾਅਦ ਮਨੁੱਖ ਦੇ ਸਿਰ ਦੀ ਬਲੀ ਦਿੱਤੀ ਜਾਂਦੀ ਸੀ। ਫਿਰ ਕੁਝ ਸਿਆਣੇ ਰਿਸ਼ੀਆਂ-ਮੁਨੀਆਂ ਨੇ ਸੋਚਿਆ ਕੇ ਕਿਉਂ ਨਾ ਮਨੁੱਖ ਦੇ ਸਿਰ ਦੀ ਬਲ਼ੀ ਦੇਣ ਦੀ ਥਾਂ ਨਰੀਏਲ ਦੀ ਬਲੀ ਦਿੱਤੀ ਜਾਵੇ ਕਿਉਂਕਿ ਇਸ ਉੱਪਰ ਤਿੰਨ ਮੋਰੀਆਂ ਵਰਗੇ ਨਿਸ਼ਾਨ, ਦੋ ਅੱਖਾਂ ਤੇ ਮੂੰਹ ਵਰਗੇ ਭਾਂਪਦੇ ਹਨ। ਐਸੇ ਮੂਰਖਾਂ ਨੂੰ ਪੁੱਛਿਆ ਜਾਵੇ ਕਿ ਪਹਿਲੀ ਤਾਂ ਗੱਲ ਰੱਬ ਬਲੀ ਮੰਗਦਾ ਹੀ ਨਹੀਂ। ਜੇਕਰ ਮੰਗਦਾ ਹੈ ਤਾਂ ਅਸੀਂ ਉਸ ਪ੍ਰਭੂ ਦੀਆਂ ਅੱਖਾਂ ਵਿੱਚ ਘੱਟਾ ਨਹੀਂ ਪਾ ਸਕਦੇ। ਜਿਸ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ, ਉਸ ਨੂੰ ਮਨੁੱਖ ਤੇ ਨਾਰੀਅਲ ਦੀ ਪਛਾਣ ਨਹੀਂ ਹੋਵੇਗੀ ? ਕੁੱਝ ਗ੍ਰੰਥੀ ਦਸਦੇ ਹਨ ਆਰਤੀ (ਦੀਵੇ ਜਗਾ ਕੇ ਜਾਂ ਉਂਝ ਹੀ) ਪਰਿਵਾਰ ਨੂੰ ਖੁਸ਼ ਕਰਨ ਵਾਸਤੇ ਤੇ ਪੈਸੇ ਇਕੱਠੇ ਕਰਨ ਵਾਸਤੇ ਪੜ੍ਹੀ ਜਾਂਦੀ ਹੈ ਜਦੋਂ ਕਿ ਸਾਨੂੰ ਵੀ ਪਤਾ ਹੈ ਕਿ ਇਹ ਕਰਮ-ਕਾਂਡ ਹੈ। ਅਸੀਂ ਤਾਂ ਭੋਗ ਪੈਣ ਤੋਂ ਬਾਅਦ ਗੁਰੂ ਸਾਹਿਬ ਦੇ ਪੀੜ੍ਹੇ ਦੇ ਪਾਵੇ ਨਾਲੋਂ ਮੌਲੀ ਦਾ ਧਾਗਾ ਵੀ ਰੱਖ ਦੇ ਤੌਰ 'ਤੇ ਗੁੱਟ ਨਾਲ ਬੰਨ੍ਹਣ ਲਈ ਦੇਂਦੇ ਹਾਂ ਤੇ ਪੀੜ੍ਹੇ ਦੇ ਪਾਵੇ ਦੇ ਹੇਠ ਰੱਖੇ ਹੋਏ ਪੰਜ-ਦਸ ਰੁਪਏ ਵੀ ਭੋਗ ਪੈਣ ਤੋਂ ਬਾਅਦ ਪਰਿਵਾਰ ਨੂੰ ਦੇਣ ਲੱਗਿਆਂ ਇਹ ਕਹਿੰਦੇ ਹਾਂ 'ਇਹ ਖਜ਼ਾਨਾ ਹੈ, ਇਸ ਨੂੰ ਜੂਠੇ ਹੱਥ ਨਾ ਲੱਗਣ, ਇਸ ਨੂੰ ਬੈਗ/ਪਰਸ ਵਿੱਚ ਪਾ ਕੇ ਰੱਖਣਾ,

ਕਿਤੇ ਵਰਤ ਨਾ ਦੇਣਾ.......ਵੇਖਣਾ ਫਿਰ ਮਾਇਆ ਤੁਹਾਡੇ ਘਰ ਛਾਲਾਂ ਮਾਰਦੀ ਆਵੇਗੀ।'

ਗੱਲ ਕੀ ? ਅਸੀਂ ਲੱਗਦੇ ਚਾਰੇ ਪਰਿਵਾਰ ਨੂੰ ਪੂਰਾ ਵਹਿਮਾਂ-ਭਰਮਾਂ ਵਿੱਚ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਖੁਸ਼ੀ-ਗਮੀ ਦੇ ਸਬੰਧ ਵਿੱਚ ਰੱਖੇ ਗਏ ਅਖੰਡ ਪਾਠ ਦੇ ਅਰੰਭ ਭੋਗ ਸਮੇਂ ਵੀ ਪਰਿਵਾਰ ਨੂੰ ਖੁਸ਼ ਰੱਖਣ ਲਈ ਢੁਕਦਾ-ਢੁਕਦਾ ਹੀ ਹੁਕਮਨਾਮਾ (ਆਪਣੀ ਮਰਜ਼ੀ ਦਾ) ਪਰਿਵਾਰ ਤੇ ਸੰਗਤ ਨੂੰ ਸੁਣਾਇਆ ਜਾਂਦਾ ਹੈ — ਬੇਸ਼ੱਕ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੱਤਰੇ ਫਰੋਲਣੇ ਕਿਉਂ ਨਾ ਪੈਣ! ਮਿਰਤਕ ਦੇ ਸਬੰਧ ਵਿੱਚ ਅਜੇ ਅਖੰਡ ਪਾਠ ਆਰੰਭ ਹੀ ਹੁੰਦਾ ਹੈ ਤੇ ਮਿਰਤਕ ਦੇ ਪਰਿਵਾਰ ਵੱਲੋਂ ਉਸ ਦੀ ਫੋਟੋ (ਕਿਸੇ ਵੀ ਰੂਪ ਵਿੱਚ ਹੋਵੇ) ਗੁਰੂ ਮਹਾਰਾਜ ਦੇ ਪਾਵਨ ਸਰੂਪ ਅੱਗੇ ਤੇ ਉਹ ਵੀ ਮਹਾਰਾਜ ਦੇ ਉੱਪਰ ਚੜ੍ਹਾ ਕੇ ਰੱਖੀ ਜਾਂਦੀ ਹੈ। ਕੁਝ ਕੁ ਹੀ ਗ੍ਰੰਥੀ ਸਿੰਘ ਪਰਿਵਾਰ ਨੂੰ ਇਹ ਘੋਰ ਮਨਮਤ ਕਰਨ ਤੋਂ ਰੋਕਦੇ ਹਨ, ਨਹੀਂ ਤਾਂ ਜ਼ਿਆਦਾਤਰ ਚੁੱਪ 'ਚ ਹੀ ਭਲੀ ਮਨਾਉਂਦੇ ਹਨ। ਉਹ ਸੋਚਦੇ ਹਨ ਕਿ ਪਰਿਵਾਰ ਅੱਗੇ ਦੁਖੀ ਹੈ, ਕਿਤੇ ਸਾਡੀ ਗੱਲ ਦਾ ਗੁੱਸਾ ਕਰ ਕੇ ਸਾਨੂੰ ਪਾਠ ਕਰਨ ਤੋਂ ਰੋਕ ਹੀ ਨਾ ਦੇਣ।

ਮ੍ਰਿਤਕ ਦੇ ਸੰਬੰਧ ਵਿੱਚ ਅਖੰਡ ਪਾਠ ਦੇ ਭੋਗ ਪੈਣ ਤੋਂ ਬਆਦ ਸ਼ਰਧਾਜਲੀਆਂ ਦੇਣ ਦੀ ਬੀਮਾਰੀ ਵੀ ਛੂਤ ਦੀ ਬੀਮਾਰੀ ਵਾਂਗ ਫੈਲ ਰਹੀ ਹੈ। ਇਹਨਾਂ ਸ਼ਰਧਾਂਜਲੀਆਂ ਵਿੱਚ ਮ੍ਰਿਤਕ ਬੇਸ਼ੱਕ ਕੁਕਰਮੀ ਹੀ ਕਿਉਂ ਨਾ ਹੋਵੇ, ਉਸ ਨੂੰ ਵੀ ਗੁਰਮੁਖ ਸਾਬਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੁਫ਼ਰ ਤੋਲਿਆ ਜਾਂਦਾ ਹੈ। ਇਸ ਪੱਕੇ ਰੋਗ ਤੋਂ ਅੱਜ ਕਈ ਅਖੌਤੀ ਪੰਥਕ ਆਗੂ ਵੀ ਨਹੀਂ ਬਚੇ। ਯਾਦ ਰਹੇ ਕਿ ਇਹ ਸਮਾਂ ਮਿਰਤਕ ਦੇ ਝੂਠੇ ਸੱਚੇ ਗੁਣ ਗਾਉਣ ਦਾ ਨਹੀਂ ਹੁੰਦਾ, ਸਗੋਂ ਮਿਰਤਕ ਦੀ ਆਤਮਕ ਸ਼ਾਂਤੀ ਲਈ ਵਾਹਿਗੁਰੂ ਅੱਗੇ ਅਰਦਾਸ ਬੇਨਤੀਆਂ ਕਰਨ ਦਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਵਚਨਾਂ ਦੁਆਰਾ ਮਿਰਤਕ ਦੇ ਪਰਿਵਾਰ ਨੂੰ ਹੌਂਸਲਾ ਦੇਣ ਦਾ ਤੇ ਆਪਣੇ ਲੋਕ-ਪ੍ਰਲੋਕ ਨੂੰ ਸਵਾਰਨ ਵਾਸਤੇ ਗੁਰਬਾਣੀ ਨੂੰ ਵਿਚਾਰ ਕੇ ਅਮਲੀ ਜੀਵਨ ਵਿੱਚ ਲਿਆਉਣ ਦਾ ਹੁੰਦਾ ਹੈ।

ਕੇਵਲ ਗੁਰਬਾਣੀ ਪੜ੍ਹ-ਸੁਣ ਲੈਣ ਨਾਲ ਹੀ ਅਸਲ ਮਨੋਰਥ ਪੂਰਾ ਨਹੀਂ ਹੁੰਦਾ। ਗੁਰੂ ਰਾਮਦਾਸ ਜੀ ਫਰਮਾਉਂਦੇ ਹਨ:

***ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ (ਮ. 4, ਅੰਗ 669)***

ਭਾਵ ਹੇ ਭਾਈ! ਸੇਵਕ, ਸਿੱਖ ਸਾਰੇ ਗੁਰੂ ਦਰ 'ਤੇ ਪ੍ਰਭੂ ਦੀ ਪੂਜਾ-ਭਗਤੀ ਕਰਨ ਲਈ ਆਉਂਦੇ ਹਨ ਅਤੇ ਪਰਮਾਤਮਾ ਦੀ ਸਿਫ਼ਤ-ਸਲਾਹ ਨਾਲ ਭਰਪੂਰ ਸ੍ਰੇਸ਼ਟ ਗੁਰਬਾਣੀ ਗਾਉਂਦੇ ਹਨ, ਪਰ ਪਰਮਾਤਮਾ ਉਹਨਾਂ ਮਨੁੱਖਾਂ ਦਾ ਬਾਣੀ ਗਾਉਣ ਤੇ ਸੁਣਨਾ ਕਬੂਲ ਕਰਦਾ ਹੈ ਜਿੰਨਾਂ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਕੇ ਉਸ ਉੱਤੇ ਅਮਲ ਕੀਤਾ ਹੈ।

*****

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕੀ ਹੈ ?

*ਜਸਵੰਤ ਸਿੰਘ ਬਠਿੰਡਾ*

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਨੂੰ ਅਸੀਂ ਪੂਰਨ ਗੁਰੂ ਮੰਨਦੇ ਹਾਂ। ਇਸ ਵਿੱਚ ਸ਼ੰਕਾ ਵਾਲੀ ਕੋਈ ਵੀ ਗੱਲ ਨਹੀਂ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਖੇ ਸੰਨ 1708 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨ ਗੁਰੂ ਦਾ ਦਰਜਾ ਦਿੱਤਾ ਤਾਂ ਉਸ ਵਕਤ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਹੁਕਮ (ਉਪਦੇਸ਼) ਅਨੁਸਾਰ ਅਸੀਂ ਹਰ ਰੋਜ਼ ਅਰਦਾਸ ਤੋਂ ਬਾਅਦ ਦੁਹਰਾਉਂਦੇ ਹਾਂ, "ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇ"। ਇਸ ਦਾ ਭਾਵ ਇਹੀ ਬਣਦਾ ਹੈ ਕਿ ਅਸੀਂ ਸ਼ਬਦ ਨੂੰ ਪੜ੍ਹ-ਸੁਣ ਕੇ ਉਸ ਉੱਤੇ ਅਮਲ ਕਰ ਕੇ ਉਸ ਅਨੁਸਾਰ ਆਪਣਾ ਜੀਵਨ ਬਣਾਈਏ। ਅਗਰ ਅਸੀਂ ਸ਼ਬਦ ਪੜ੍ਹ-ਸੁਣ ਤਾਂ ਲਿਆ ਪਰ ਉਸ ਅਨੁਸਾਰ ਜੀਵਨ ਨਹੀਂ ਬਦਲਿਆ ਤਾਂ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਨਹੀਂ ਬਲਕਿ ਨਿਰਾਦਰੀ ਕਰਨ ਵਾਲੀ ਗੱਲ ਹੈ।

ਜਿਸ ਤਰ੍ਹਾਂ ਇੱਕ ਪੁੱਤਰ ਆਪਣੇ ਪਿਤਾ ਨੂੰ ਪਿਤਾ ਤਾਂ ਜ਼ਰੂਰ ਕਹਿੰਦਾ ਹੋਵੇ ਪਰ ਪਿਤਾ ਦੀ ਦੱਸੀ ਸਿੱਖਿਆ ਨੂੰ ਬਿਲਕੁਲ ਹੀ ਨਾਂ ਗੌਲ਼ੇ; ਅਗਰ ਪਿਤਾ ਉਸ ਨੂੰ ਸਕੂਲ ਜਾਣ ਲਈ ਕਹਿੰਦਾ ਹੈ ਪਰ ਉਹ ਸਕੂਲ ਨਹੀਂ ਜਾਂਦਾ, ਸਗੋਂ ਸਿਨੇਮਾ ਦੇਖਣ ਜਾਂਦਾ ਹੈ; ਇਸੇ ਤਰ੍ਹਾਂ ਜਦ ਹੋਰ ਕਈ ਤਰ੍ਹਾਂ ਦੀਆਂ ਗੱਲਾਂ ਨਹੀਂ ਮੰਨਦਾ ਤਾਂ ਪਿਤਾ ਉਸ ਵੱਲ ਤਵੱਜੋਂ ਦੇਣੀ ਘੱਟ ਕਰ ਦਿੰਦਾ ਹੈ ਅਤੇ ਸਮਾਂ ਪਾ ਕੇ ਜਦ ਉਹ ਬੱਚਾ ਵੱਡਾ ਹੁੰਦਾ ਹੈ ਤਾਂ ਉਹ ਕਿਸੇ ਪਾਸੇ ਜੋਗਾ ਨਹੀਂ ਰਹਿੰਦਾ। ਠੀਕ ਇਸੇ ਤਰ੍ਹਾਂ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਤਾਂ ਮੰਨਦੇ ਹਾਂ ਪਰ ਉਸ ਵਿੱਚ ਦਿੱਤੀ ਸਿੱਖਿਆ ਨੂੰ ਨਹੀਂ ਮੰਨਦੇ ਤਾਂ ਅਸੀਂ ਵੀ ਸਮਾਂ ਪਾ ਕੇ ਕਿਸੇ ਪਾਸੇ ਜੋਗੇ ਨਹੀਂ ਰਹਿ ਜਾਂਦੇ ਹਾਂ। ਸ਼ਬਦ ਨੂੰ ਸੁਣ-ਪੜ੍ਹ ਕੇ ਜਾਂ ਗੁਰੂ ਅੱਗੇ ਸੀਸ ਨਿਵਾਉਣ ਨਾਲ ਗੁਰੂ ਦਾ ਸਤਿਕਾਰ ਨਹੀਂ ਹੈ। ਜਿਸ ਤਰ੍ਹਾਂ ਧੰਨ ਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ :

***"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤ ਸੰਸਾਰੁ॥***
***ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥" (ਮ: 3, ਪੰਨਾ 594)***

ਭਾਵ ਕਿ ਜਿਤਨਾ ਚਿਰ ਅਸੀਂ ਸ਼ਬਦ ਦੀ ਵੀਚਾਰ ਨਹੀਂ ਕਰਦੇ ਉਤਨੀ ਦੇਰ ਅਸੀਂ ਦੁਨਿਆਵੀ ਵਿਕਾਰਾਂ ਤੋਂ ਮੁਕਤ ਨਹੀਂ ਹੋ ਸਕਦੇ ਹਾਂ। ਇਹੀ ਵਜ੍ਹਾ ਹੈ ਗੁਰਬਾਣੀ ਦੇ ਗ਼ਲਤ ਅਰਥ ਦੱਸ ਕੇ ਕਈ ਪਖੰਡੀ ਸਾਧ ਫੋਕੀਆਂ ਗੱਲਾਂ ਵਿੱਚ ਫਸਾ ਕੇ ਸਾਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਲੁੱਟਦੇ ਹਨ। ਪਰ ਜਦ ਸਾਨੂੰ ਕਿਸੇ ਗਿਆਨਵਾਨ ਮਨੁੱਖ ਪਾਸੋਂ ਸਹੀ ਅਰਥ ਪਤਾ ਲੱਗਦਾ ਹੈ ਤਾਂ ਉਸ ਵਕਤ ਜੋ ਸਾਡੇ ਅੰਦਰ ਗੁਰਬਾਣੀ ਪ੍ਰਤੀ ਗ਼ਲਤ ਭੁਲੇਖੇ ਪਏ ਹੁੰਦੇ ਹਨ ਤਾਂ ਪਹਿਲਾਂ ਉਹਨਾਂ ਭੁਲੇਖਿਆਂ ਨੰ ਬਾਹਰ ਕੱਢਣਾ ਹੁੰਦਾ ਹੈ:-

***"ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥" (ਆਸਾ ਕੀ ਵਾਰ ਮ: 2)***

ਭਾਵ ਜੋ ਸਾਡੇ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਗ਼ਲਤ ਧਾਰਨਾਵਾਂ ਬਣੀਆਂ ਹੋਈਆਂ ਹਨ ਪਹਿਲਾਂ ਉਨਾਂ ਨੂੰ ਤਿਆਗਣਾ

ਪਵੇਗਾ। ਜਿਸ ਤਰ੍ਹਾਂ ਕਿਸੇ ਭਾਂਡੇ ਵਿੱਚ ਪਹਿਲਾਂ ਕੋਈ ਵਸਤੂ ਪਈ ਹੋਵੇ ਅਤੇ ਦੂਜੀ ਵਸਤੂ ਪਾਉਣੀ ਹੋਵੇ ਤਾਂ ਪਹਿਲੀ ਵਸਤੂ ਨੂੰ ਬਾਹਰ ਕੱਢ ਕੇ ਭਾਂਡਾ ਖਾਲੀ ਕਰਨਾ ਪਵੇਗਾ। ਉਸ ਤੋਂ ਬਾਅਦ ਹੀ ਅਸੀਂ ਦੂਜੀ ਵਸਤੂ ਉਸ ਭਾਂਡੇ ਵਿੱਚ ਪਾ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤਾਂ ਹੀ ਬਣਦਾ ਹੈ ਕਿ ਅਸੀਂ ਗੁਰਬਾਣੀ ਨੂੰ ਧਿਆਨ ਦੇ ਕੇ ਸੁਣੀਏ ਅਤੇ ਪੜ੍ਹੀਏ। ਇਸੇ ਲਈ ਜਿੱਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਉੱਥੇ ਅਸੀਂ ਆਪਣਾ ਸੀਸ ਨਿਵਾ ਕੇ ਗੁਰੂ ਅੱਗੇ ਇਹੀ ਬੇਨਤੀ ਕਰਦੇ ਹਾਂ ਕਿ ਸਾਨੂੰ ਆਪਣੀ ਮਤਿ, ਜਿਸ ਨੂੰ ਗੁਰਮਤਿ ਕਿਹਾ ਜਾਂਦਾ ਹੈ, ਬਖ਼ਸ਼ਿਸ਼ ਕਰਨ ਦੀ ਕ੍ਰਿਪਾਲਤਾ ਕਰੋ। ਫਰਮਾਨ ਹਨ:

*"ਐਸੀ ਮਤ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧ ਧਿਆਈ ॥" (ਮ: 5, ਪੰਨਾ 673)*

ਪਰ ਜੇ ਅਸੀਂ ਆਪਣੀ ਮਤਿ ਵਰਤ ਰਹੇ ਹਾਂ ਤਾਂ ਗੁਰੂ ਦਾ ਸਤਿਕਾਰ ਨਹੀਂ ਕਰ ਰਹੇ। ਅਸੀਂ ਹਰ ਰੋਜ਼ ਅਖੰਡ ਪਾਠ, ਸਹਿਜ ਪਾਠ ਜਾਂ ਗੁਰੂ-ਘਰਾਂ ਵਿਖੇ ਗੁਰਬਾਣੀ ਸੁਣਦੇ ਆ ਰਹੇ ਹਾਂ ਪਰ ਸਾਨੂੰ ਇਹ ਪੰਗਤੀਆਂ ਕਦੇ ਸੁਣਾਈ ਨਹੀਂ ਦਿੰਦੀਆਂ ?

*ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ ॥*
*ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥*
*(ਮ:4, ਪੰ. 651)*

ਇੱਥੇ ਸੁੱਤਿਆ ਤੋਂ ਭਾਵ ਅੱਖਾਂ ਬੰਦ ਕਰ ਕੇ ਸੌਣਾ ਨਹੀਂ ਹੈ। ਇੱਥੇ ਸੁਤਿਆ ਤੋਂ ਭਾਵ ਆਤਮਕ ਤੌਰ 'ਤੇ ਗੁਰੂ ਦੀ ਦੱਸੀ ਗੱਲ ਤੋਂ ਬੇਮੁੱਖ ਹੋਣਾ ਹੈ। ਜਿਸ ਗੱਲ ਦਾ ਸਾਨੂੰ ਪਤਾ ਨਹੀਂ ਤਾਂ ਉਸ ਗੱਲ ਪ੍ਰਤੀ ਸੁੱਤਿਆਂ ਮਨੁੱਖਾਂ ਵਰਗੀ ਹੀ ਹਾਲਤ ਦੱਸਦੇ ਹੋਏ ਗੁਰੂ ਸਾਹਿਬ ਉਪਦੇਸ਼ ਦੇ ਰਹੇ ਹਨ ਕਿ ਜਿਹੜਾ ਵਿਅਕਤੀ ਭਾਵੇਂ ਸਰੀਰਕ ਤੌਰ 'ਤੇ ਅਤੇ ਭਾਵੇਂ ਆਤਮਕ ਤੌਰ 'ਤੇ ਸੁੱਤਾ ਹੋਇਆ ਹੈ, ਉਸ ਦੇ ਘਰ ਵਿੱਚੋਂ ਚੋਰ ਸਾਰਾ ਸਮਾਨ ਚੋਰੀ ਕਰ ਕੇ ਲੈ ਜਾਂਦੇ ਹਨ ਪਰ ਇਹ ਮਨੁੱਖ ਜਾਗਦਾ ਹੀ ਨਹੀਂ ਹੈ। ਫੁਰਮਾਨ ਹਨ:

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥*
*(ਮ: 3, ਪੰ. 600)*

ਇਸ ਮਨੁੱਖ ਦੇ ਅੰਦਰ ਵਿਕਾਰਾਂ ਰੂਪੀ ਚੋਰ ਨੇ, ਜੋ ਇਸ ਦੇ ਅੰਦਰ ਅੰਮ੍ਰਿਤ ਰੂਪੀ ਗੁਣ ਸਨ, ਸਭ ਲੁੱਟ ਲਏ।

ਇਸ ਦਾ ਭਾਵ ਇਹ ਨਿਕਲਦਾ ਹੈ ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸ਼ਬਦ ਸੁਣ ਕੇ ਵੀਚਾਰ ਕਰਨ ਵਿੱਚ ਹੈ। ਪਰ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਮੱਥਾ ਟੇਕਣ, ਕੇਵਲ ਮਹਿੰਗੇ-ਮਹਿੰਗੇ ਰੁਮਾਲੇ ਚੜ੍ਹਾਉਣ, ਸਰਦੀਆਂ 'ਚ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਹੀਟਰ ਲਾਉਣ ਅਤੇ ਗਰਮੀਆਂ ਵਿੱਚ ਏ.ਸੀ. ਜਾਂ ਪੱਖੇ ਲਾਉਣ, ਪਾਠ ਵੇਲੇ ਧੂਫਾਂ, ਜੋਤਾਂ, ਨਾਰੀਅਲ, ਕੁੰਭ, ਮੰਜੀ ਸਾਹਿਬ ਦੇ ਪਾਵੇ ਘੁੱਟਣ, ਨੰਗੇ ਪੈਰੀਂ ਤੁਰਨ ਅਤੇ ਕੇਵਲ ਤੋਤਾ ਰਟਨੀ ਜਾਂ ਮੰਤ੍ਰ ਪਾਠ, ਸੰਪਟ ਪਾਠ ਕਰਨ ਅਤੇ ਗੁਰੂ ਗ੍ਰੰਥ ਜੀ ਨੂੰ ਮੂਰਤੀਆਂ ਦੀ ਤਰ੍ਹਾਂ ਮੱਥਾ ਟੇਕਣ ਤੱਕ ਹੀ ਸੀਮਤ ਕਰ ਲਿਆ ਹੈ। ਇਸ ਤੋਂ ਅੱਗੇ ਜਾਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਹਾਂ। ਗੁਰੂ ਸਾਹਿਬ ਫੁਰਮਾਨ ਕਰਦੇ ਹਨ:

*ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥* (ਮ: ੪, ਪੰ. 669)

ਗਾਉਣਾ-ਸੁਣਨਾ ਉਸ ਦਾ ਹੀ ਪਰਵਾਨ ਹੋਵੇਗਾ ਜਿਹੜਾ ਗੁਰੂ ਦੀ ਆਗਿਆ ਦਾ ਪਾਲਣ ਕਰੇਗਾ। ਅਸੀਂ ਕਿੰਨੇਂ ਲੰਮੇ ਸਮਿਆਂ ਤੋਂ ਗੁਰਦੁਆਰੇ ਜਾ ਰਹੇ ਹਾਂ; ਪਾਠ, ਕੀਰਤਨ, ਕਥਾ, ਲੈਕਚਰ, ਵੀਚਾਰਾਂ ਬਹੁਤ ਸੁਣੀਆਂ ਹਨ ਪਰ ਇਤਨਾਂ ਕੁਝ ਸੁਣ ਕੇ ਅਗਰ ਕਿਸੇ ਨਾਲ ਹੇਰਾ-ਫੇਰੀ ਕਰਦੇ ਹਾਂ, ਕਿਸੇ ਨਾਲ ਵੈਰ ਰੱਖਦੇ ਹਾਂ, ਕੋਈ ਪਰਉਪਕਾਰ ਨਹੀਂ ਕਰਦੇ ਹਾਂ ਤਾਂ ਇਤਨਾ ਕੁਝ ਸੁਣਿਆ ਗੁਰੂ ਦਾ ਸਤਿਕਾਰ ਨਹੀਂ ਹੈ। ਗੁਰੂ ਸਾਹਿਬ ਤਾਂ ਗਾਉਣ ਵਾਲੇ ਨੂੰ ਵੀ ਅਤੇ ਸੁਣਨ ਵਾਲੇ ਨੂੰ ਵੀ ਗੁਰੂ ਦੀ ਮਤਿ ਅਨੁਸਾਰ ਜੀਵਨ ਢਾਲਣ ਦੀ ਹਦਾਇਤ ਕਰਦੇ ਹਨ। ਕਈ ਵਾਰ ਮਨ ਬੜਾ ਹੈਰਾਨ ਹੋ ਜਾਂਦਾ ਹੈ ਕਿ ਕਈ ਕੀਰਤਨ ਕਰਨ ਵਾਲੇ ਰਾਗੀ ਸਿੰਘ ਬੜੀਆਂ ਮਿੱਠੀਆਂ ਸੁਰਾਂ ਲਾ ਕੇ ਕੀਰਤਨ ਕਰਦੇ ਹਨ ਅਤੇ ਸੰਗਤਾਂ ਵੀ ਬੜੇ ਪਿਆਰ ਨਾਲ ਕੀਰਤਨ ਸੁਣਦੀਆਂ ਹਨ ਪਰ ਜੇ ਕੀਰਤਨ ਕਰਨ ਵਾਲੇ ਨੂੰ ਜਾਂ ਸੁਣਨ ਵਾਲੇ ਨੂੰ ਉਸ ਸ਼ਬਦ ਬਾਰੇ ਪੁੱਛਿਆ ਜਾਵੇ ਤਾਂ ਇਹੀ ਜਵਾਬ ਮਿਲਦਾ ਹੈ, 'ਜੀ ਅਨੰਦ ਤਾਂ ਬਹੁਤ ਆ ਰਿਹਾ ਸੀ ਪਰ ਸ਼ਬਦ ਦੇ ਕੀ ਅਰਥ ਹਨ ? ਇਸ ਦਾ ਸਾਨੂੰ ਪਤਾ ਨਹੀਂ ਹੈ।' ਕੀ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹੈ ਜਾਂ ਕੰਨ-ਰਸ ? ਜੋ ਗੁਰਬਾਣੀ ਨੂੰ ਗਾ ਰਿਹਾ ਹੈ ਪਰ ਉਸ ਨੂੰ ਪਤਾ ਨਹੀਂ ਕਿ ਮੈਂ ਕੀ ਸੁਣਾ ਰਿਹਾ ਹਾਂ ਤਾਂ ਇਹ ਗੁਰੂ ਦੇ ਕੋਲ ਬੈਠ ਕੇ ਗੁਰੂ ਦੀ ਮਤਿ ਤੋਂ ਅਣਜਾਣ ਹੋਣ ਵਾਲੀ ਗੱਲ ਹੈ। ਜਿਸ ਤਰ੍ਹਾਂ ਫੁਰਮਾਨ ਹਨ:

*ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ ॥ (ਮ: 5, ਪੰ. 1101)*

ਜੋ ਆਪ ਪਾਣੀ ਵਿੱਚ ਡੁੱਬ ਰਿਹਾ ਹੈ ਉਹ ਦੂਸਰੇ ਨੂੰ ਕਿਸ ਤਰ੍ਹਾਂ ਤਾਰ ਕੇ ਬਾਹਰ ਕੱਢ ਸਕਦਾ ਹੈ। ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਤਾਂ ਹੀ ਕਰਨਾ ਆਵੇਗਾ ਜਦੋਂ ਅਸੀਂ ਗੁਰਬਾਣੀ ਆਸ਼ੇ ਅਨੁਸਾਰ ਜ਼ਿੰਦਗੀ ਦਾ ਹਰ ਪਲ ਢਾਲ ਲਵਾਂਗੇ। ਫਿਰ ਜਦੋਂ ਵੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਲ ਜਾਵਾਂਗੇ ਤਾਂ ਸਾਡਾ ਸੀਸ ਉਸ ਸ਼ਬਦ ਦਾ ਸਤਿਕਾਰ ਕਰਦਿਆਂ ਆਪੇ ਹੀ ਝੁਕ ਜਾਵੇਗਾ ਜਿਸ ਦਾ ਸਾਨੂੰ ਗਿਆਨ ਹੋ ਗਿਆ ਹੋਵੇ। ਗੁਰੂ ਸਾਹਿਬ ਤਾਂ ਸਾਨੂੰ ਸ਼ਬਦ ਦੇ ਸਤਿਕਾਰ ਵਿੱਚ ਹੀ ਨਹੀਂ ਬਲਕਿ ਕਹਿੰਦੇ ਹਨ ਕਿ ਕੋਈ ਵੀ ਮੈਨੂੰ ਗੁਰੂ ਦੀ ਕੋਈ ਵੀ ਗੱਲ ਆ ਕੇ ਦੱਸੇ ਤਾਂ ਮੈਂ ਉਸ ਦੇ ਸਤਿਕਾਰ ਵਿੱਚ ਆਪਣਾ ਸਿਰ ਉਸ ਦੇ ਬੈਠਣ ਲਈ ਰੱਖ ਦਿਆਂ। ਫੁਰਮਾਨ ਕਰਦੇ ਹਨ:

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (ਮ: 1, ਪੰ. 558)*

ਇਸ ਦਾ ਭਾਵ ਹੈ ਕਿ ਮੈਂ ਗੁਰੂ ਦੀ ਸਿੱਖਿਆ ਨੂੰ ਇਤਨਾ ਮਨ ਵਿੱਚ ਵਸਾ ਲਵਾਂ ਕਿ ਮੇਰਾ ਹਰ ਪਲ਼, ਹਰ ਸਵਾਸ ਗੁਰੂ ਦੀ ਸਿੱਖਿਆ ਅਨੁਸਾਰ ਬਤੀਤ ਹੋਵੇ:

***ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥***
***ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ (ਮ: 5, ਪੰ. 763)***

ਭਾਵ ਕਿ ਜੋ ਵੀ ਗੁਰੂ ਦੀ ਸਿੱਖਿਆ ਨੂੰ ਮਨ ਵਿੱਚ ਵਸਾ ਕੇ ਜੀਵਨ ਬਤੀਤ ਕਰਦਾ ਦਿੱਸ ਰਿਹਾ ਹੈ, ਮੈਂ ਉਸ ਨੂੰ ਨਿਮਰਤਾ ਸਹਿਤ ਆਪਣੇ ਮਨ ਦੀ ਅਵਸਥਾ ਦੱਸਾਂ ਕਿ ਮੈਨੂੰ ਵੀ ਸ਼ਬਦ ਰੂਪੀ ਗੁਰੂ ਦਾ ਮਿਲਾਪ ਕਰਵਾ ਦਿਉ ਕਿਉਂਕਿ ਜੋ ਵੀ ਮੈਨੂੰ ਮੇਰੇ ਪ੍ਰੀਤਮ ਦੀ ਗੱਲ ਦੱਸਦਾ ਹੈ, ਉਹੀ ਮੇਰਾ ਗੁਰੂ ਨੂੰ ਮਿਲਾਉਣ ਵਾਲਾ ਮਾਰਗ-ਦਰਸ਼ਕ ਹੈ:

***ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥ (ਮ: 4, ਪੰ. 861)***

ਇਸੇ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਅਸਲੀ ਰਿਸ਼ਤਾ ਸਿਰਫ਼ ਗੁਰਸਿੱਖਾਂ ਨਾਲ ਹੀ ਮੇਲ-ਮਿਲਾਪ ਰੱਖਣ ਲਈ ਉਪਦੇਸ਼ ਮਿਲਦਾ ਹੈ:

***ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥ (ਮ:3, ਪੰ. 648)***

ਆਉ, ਹੁਣ ਜਾਗੀਏ! ਜੋ ਧੰਨ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ: "**ਸਬਦੁ ਗੁਰੂ ਸੁਰਤ ਧੁਨਿ ਚੇਲਾ ॥** " ਅਤੇ ਉਨ੍ਹਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼, ਸ਼ਬਦ-ਗੁਰੂ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣਾ, ਨੂੰ ਸਮਝਣ ਦੀ ਲੋੜ ਹੈ ਤਾਂ ਹੀ ਅਸੀਂ **ਧੰਨ ਗੁਰੂ ਗ੍ਰੰਥ ਸਾਹਿਬ ਜੀ** ਦਾ ਸਤਿਕਾਰ ਕਰਾਂਗੇ-

***"ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ॥***
***ਸਭਿ ਸਿਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥***
***ਗੁਰੂ ਗ੍ਰੰਥ ਜੀ ਮਾਨਿਓਂ ਪ੍ਰਗਟ ਗੁਰਾਂ ਕੀ ਦੇਹ ॥***
***ਜੋ ਪ੍ਰਭ ਕਉ ਮਿਲਬੋ ਚਹੈ ਕੋਜਿ ਸ਼ਬਦ ਮੇਂ ਲੇਹ ॥"***

*****

## "ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ"

*ਇੰਜ. ਜਗਤਾਰ ਸਿੰਘ, ਮੋਹਾਲੀ*

ਮਾਰਚ 2004 ਦੇ 'ਗੁਰਮਤਿ ਪ੍ਰਕਾਸ਼' ਵਿੱਚ ਛਪੇ ਲੇਖ ਦਾ ਲੇਖਕ ਭਾਈ ਕਸ਼ਮੀਰ ਸਿੰਘ, ਤੱਥ-ਪੜਚੋਲਕ ਘੱਟ ਤੇ ਨਿਰਣਾਕਾਰ ਜ਼ਿਆਦਾ ਹੋ ਨਿੱਬੜਿਆ ਹੈ। ਹਕੀਕਤ ਤੇ ਘਟਨਾਕ੍ਰਮ ਦੀ ਉਂਗਲੀ ਛੱਡ, ਸ਼ਰਧਾ ਦੇ ਵਹਿਣ ਵਿੱਚ ਵਹਿ ਕੇ ਜ਼ਿਆਦਾ ਮੁਨਸਿਫ਼ ਦੀ ਬੋਲੀ ਬੋਲਦਾ ਪ੍ਰਤੀਤ ਹੋ ਰਿਹਾ ਹੈ। ਹੁਣ ਜਦੋਂ ਵਾਰੀ ਆਈ ਹੈ ਆਪਣੇ ਚਹੇਤਿਆਂ ਦੀ, ਤਾਂ ਦੋਵਾਂ ਨੂੰ ਆਪਣਾ ਲਿਖਿਆ ਭੁੱਲ ਗਿਆ। ਇਸ ਤੋਂ ਅੱਗੇ ਆਪਣੇ ਮਨ ਦੀ ਗੱਲ ਡਾ. ਪਿਆਰ ਸਿੰਘ ਦੇ ਮੂੰਹ 'ਚ ਪਾਉਂਦਿਆਂ ਫਿਰ ਲਿਖਿਆ ਹੈ, "...... ਗੁਰੂ-ਪੰਥ ਤੋਂ ਬੇਮੁੱਖ ਹੋਏ ਵਿਅਕਤੀ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੀ ਪੁਸ਼ਤ-ਪਨਾਹੀ ਕਰ ਰਹੇ ਹਨ। ਇਨ੍ਹਾਂ ਅਖੌਤੀ ਇਨਕਲਾਬੀ ਸਿੱਖਾਂ ਦੀ ਕਹਿਣੀ-ਕਥਨੀ ਵਿੱਚ ਏਨਾਂ ਫਰਕ ਨਿਕਲ ਆਵੇਗਾ, ਮੈਂ ਤਾਂ ਕਦੇ ਸੋਚ ਵੀ ਨਹੀਂ ਸੀ ਸਕਦਾ।" ਇੱਥੇ ਹੀ ਬਸ ਨਹੀਂ, ਆਪਣੇ ਉਪਰੋਕਤ ਨਾਕਸ ਤੇ ਮਨੋਕਲਪਤ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਗੁਰਬਾਣੀ ਦੀ ਪਾਵਨ ਪੰਗਤੀ "ਉਘਰਿ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾ ਆਇਆ ॥" (ਪੰ. 381) ਦਾ ਅਢੁਕਵਾਂ ਪ੍ਰਮਾਣ ਵੀ ਦੇ ਗਿਆ ਹੈ।

ਉਪਰੋਕਤ ਪਾਵਨ ਪੰਗਤੀ ਦੀ ਵੀਚਾਰ ਇਸ ਤਰ੍ਹਾਂ ਹੈ ਜਿਵੇਂ 'ਜਦੋਂ ਕੋਈ ਖੋਟਾ ਰੁਪਇਆ ਸਰਾਫਾਂ ਦੀ ਨਜ਼ਰੇ ਪੈਂਦਾ ਹੈ ਤਾਂ ਉਸ ਦਾ ਖੋਟ ਪਰਤੱਖ ਦਿੱਸ ਪੈਂਦਾ ਹੈ (ਤਿਵੇਂ ਜਿਹੜਾ ਮਨੁੱਖ ਅੰਦਰੋਂ ਤਾਂ ਵਿਕਾਰੀ ਹੈ ਪਰ ਬਾਹਰੋਂ ਧਾਰਮਿਕ ਭੇਖੀ) ਉਹ ਪ੍ਰਮਾਤਮਾ ਪਾਸੋਂ (ਆਪਣਾ ਅੰਦਰਲਾ ਖੋਟ) ਲੁਕਾ ਨਹੀਂ ਸਕਦਾ। ਹਰੇਕ ਦੇ ਦਿਲ ਦੀ ਜਾਣਨ ਵਾਲਾ ਪ੍ਰਮਾਤਮਾ ਉਸ ਦੀ ਹਰੇਕ ਕਰਤੂਤ ਨੂੰ ਜਾਣਦਾ ਹੈ।' ਜਦੋਂ ਕਿ ਮੌਜੂਦਾ ਸਥਿਤੀ ਵਿੱਚ ਤਾਂ ਹਾਲੇ ਤੱਥ ਹੀ ਪੜਚੋਲੇ ਜਾ ਰਹੇ ਹਨ, ਢਬੂਏ ਦੇ ਖੋਟੇ ਜਾਂ ਖਰੇ ਦਾ ਨਿਰਣਾ ਤਾਂ ਹੋਇਆ ਹੀ ਨਹੀਂ, ਤਾਂ ਫਿਰ ਸਰਾਫ ਕਿੱਥੋਂ ਆ ਨਿੱਕਲਿਆ? ਦਰਅਸਲ, ਕਸ਼ਮੀਰ ਸਿੰਘ ਤੱਥ ਪੜਚੋਲਨ ਦੀ ਬਜਾਏ ਨਿਰਣੇ ਕੱਢਣ ਵਿੱਚ ਜ਼ਿਆਦਾ ਕਾਹਲਾ ਲੱਗਦਾ ਹੈ ਅਤੇ ਬਹੁਤੀ ਕਾਹਲ ਵਿੱਚ ਅਸਲੀਅਤ ਨਾਲੋਂ ਭੁਲੇਖੇ ਜ਼ਿਆਦਾ ਭਾਰੂ ਹੋਣ ਕਾਰਣ ਵਿਚਾਰ ਸਿਧਾਂਤਕ ਨਾ ਰਹਿ ਕੇ ਨਿੱਜੀ ਪੱਧਰ 'ਤੇ ਜਾ ਡਿੱਗੀ ਹੈ।

ਲੱਗਦਾ ਹੈ ਕਿ ਕਸ਼ਮੀਰ ਸਿੰਘ ਦੋ ਵੱਖਰੇ-ਵੱਖਰੇ ਘਟਨਾਕ੍ਰਮਾਂ ਦੀ ਬਿਨਾਂ ਤੁਲਨਾ ਕੀਤੇ ਹੀ ਆਪਣਾ ਨਿਰਣਾ ਦੇ ਰਿਹਾ ਹੈ। ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਦੇ ਕੇਸ ਅਤੇ ਭਾਈ ਕਾਲਾ ਅਫਗਾਨਾ ਦੇ ਕੇਸ ਵਿੱਚ, ਸੂਰਤੇ ਹਾਲਾਤ, ਕਾਲ, ਢੰਗ, ਵਾਤਾਵਰਨ ਅਤੇ ਸਥਿਤੀ ਆਦਿ ਵਿੱਚੋਂ ਕਿਸੇ ਇੱਕ ਵੀ ਦ੍ਰਿਸ਼ਟੀਕੋਣ ਤੋਂ ਅਨੁਰੂਪਤਾ ਨਹੀਂ ਹੈ ਕਿਉਂਕਿ ਦੋਹਾਂ ਘਟਨਾਕ੍ਰਮਾਂ ਸਮੇਂ ਇਹ ਜੁਜ਼/ਅੰਗ ਆਪਸ ਵਿੱਚ ਮੇਲ ਹੀ ਨਹੀਂ ਖਾਂਦੇ। ਮੁਗ਼ਾਲਤੇ ਦਾ ਏਹੀ ਇੱਕੋ-ਇੱਕ ਕਾਰਣ ਲੱਗਦਾ ਹੈ। ਚੰਗਾ ਹੁੰਦਾ ਕਿ ਕਸ਼ਮੀਰ ਸਿੰਘ ਇਹਨਾਂ ਦੋਨਾਂ ਕੇਸਾਂ ਦੇ ਵੱਖਰੇ-ਵੱਖਰੇ ਵਿਵਰਣਾਂ ਦੀ ਘੋਖ/ਪੜਚੋਲ ਕਰ ਕੇ ਹੀ ਕੋਈ ਰਾਇ ਬਣਾਉਂਦਾ।

ਮੈਂ ਖ਼ੁਦ ਵੀ ਦੋਨਾਂ ਕੇਸਾਂ ਨਾਲ ਬਖ਼ੂਬੀ ਬਾਵਾਸਤਾ ਰਿਹਾ ਹਾਂ, ਤਾਹਮ ਫਿਰ ਵੀ ਇਹ ਸਤਰਾਂ ਲਿਖਣ ਤੋਂ ਪਹਿਲਾਂ ਭਾਈ ਗੁਰਤੇਜ ਸਿੰਘ ਹੋਰਾਂ ਨਾਲ ਵਿਸਥਾਰ ਪੂਰਵਕ ਵਿਚਾਰ ਤੋਂ ਬਾਅਦ ਮੈਂ ਮਹਿਸੂਸ ਕੀਤਾ ਹੈ ਕਿ ਅਗਰ ਦੋਨਾਂ ਕੇਸਾਂ ਨੂੰ ਵੱਖਰੀ-ਵੱਖਰੀ ਪਿੱਠ-ਭੂਮੀ (ਸੂਰਤੇ ਹਾਲਾਤ, ਕਾਲ, ਢੰਗ, ਵਾਤਾਵਰਨ ਅਤੇ ਸਥਿਤੀ) ਨੂੰ ਬਾਰੀਕੀ ਨਾਲ ਵਿਚਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ:

1. ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਗੁਰਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਵਿਰੁੱਧ ਛੜਯੰਤਰ ਕਰ ਰਹੇ ਸਨ, ਉਨ੍ਹਾਂ ਮੁਤਾਬਕ:

(ੳ) ਐਮ. ਐਸ-1245 (ਗੁਰੂ ਨਾਨਕ ਦੇਵ ਯੂਨੀਵਰਸਿਟੀ) ਹੀ ਇੱਕੋ-ਇੱਕ ਗੁਰੂ ਗ੍ਰੰਥ ਸਾਹਿਬ ਦੀ ਅਸਲ ਬੀੜ ਹੈ, ਨਾ ਕਿ ਕਰਤਾਰਪੁਰੀ ਬੀੜ।

(ਅ) ਉਹ ਮੂਲ ਮੰਤਰ 'ਤੇ ਵੀ ਹੁੱਜਤਬਾਜ਼ੀ ਕਰਦੇ ਸਨ ਅਤੇ ਇਸ ਦੇ ਮੌਜੂਦਾ ਸਰੂਪ ਨਾਲ ਅਸਹਿਮਤ ਸਨ।

(ੲ) ਉਹ ਗੁਰੂ ਗ੍ਰੰਥ ਸਾਹਿਬ ਦੀ ਅਸਲ ਬੀੜ ਨਾਲ ਛੇੜਖਾਨੀ (destabalise) ਕਰਨਾ ਚਾਹੁੰਦੇ ਸਨ।

(ਸ) ਉਨ੍ਹਾਂ ਦੀ ਧਾਰਨਾ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਉਨ੍ਹਾਂ ਦੀ ਮਨਸ਼ਾ ਅਨੁਸਾਰ ਨਵੇਂ ਸਿਰੇ ਤੋਂ ਸੰਕਲਨ (re-edit) ਕਰਨ ਦੀ ਲੋੜ ਹੈ।

2. ਸਭ ਤੋਂ ਵੱਡੀ ਗੱਲ ਇਹ ਸੀ ਕਿ ਪਿਸ਼ੌਰਾ ਸਿੰਘ ਨੇ ਆਪਣੇ ਥੀਸਜ਼ ਲੁਕੋ ਕੇ (seal) ਕਰਾ ਕੇ ਰੱਖਿਆ ਹੋਇਆ ਸੀ, ਤਾਂ ਜੋ ਢੁਕਵਾਂ ਸਮਾਂ ਆਉਣ 'ਤੇ ਕੌਮ ਨੂੰ ਗੁੰਮਰਾਹ ਕਰ ਸਕਣ।

ਪਰਵਦਗਾਰ ਭਲਾ ਕਰੇ ਕੈਲੇਫੋਰਨੀਆ ਦੇ ਵਸਨੀਕ ਉਸ ਗੁਰਸਿੱਖ ਚਿੰਤਕ ਦਾ, ਜਿਸ ਦੀ ਲਗਨ ਸਦਕਾ ਅਹਿਮ ਪਰ ਲੁਕਵੇਂ ਤੌਰ 'ਤੇ ਕੀਤੇ ਜਾ ਰਹੇ ਧ੍ਰੋਹ ਦੀ ਭਿਣਕ ਕੌਮ ਨੂੰ ਸਮਾ ਰਹਿੰਦਿਆਂ ਪੈ ਗਈ।

ਦੂਸਰੇ ਪਾਸੇ ਕਾਲਾ ਅਫ਼ਗਾਨਾ ਦੇ ਕੇਸ ਵਿੱਚ ਕੋਈ ਚੀਜ਼ ਉਸ ਵੱਲੋਂ ਲੁਕਾਈ ਨਹੀਂ ਗਈ, ਸਗੋਂ ਸਾਰੀਆਂ ਲਿਖਤਾਂ ਦੇ ਖਰੜੇ ਸ਼੍ਰੋਮਣੀ ਕਮੇਟੀ, ਅਕਾਲ ਤਖਤ ਸਾਹਿਬ ਅਤੇ ਹੋਰ ਪਤਵੰਤੇ ਲੇਖਕਾਂ/ਵਿਚਾਰਵਾਨਾਂ ਤੇ ਚਿੰਤਕਾਂ ਨੂੰ ਸਮਾਂ ਰਹਿੰਦੇ ਭੇਜੇ ਗਏ ਤਾਂ ਜੋ ਛਪਾਈ ਤੋਂ ਪਹਿਲਾਂ ਜ਼ਰੂਰੀ ਸੋਧਾਂ ਕਰ ਲਈਆਂ ਜਾਣ।

ਹੈ ਕੋਈ ਸਮਾਨਤਾ ਦੋਨਾਂ ਕੇਸਾਂ ਵਿੱਚ ? ਪਹਿਲੇ ਨੇ ਲੁਕੋ ਕੇ ਵਾਰ ਕੀਤਾ, ਜਦ ਕਿ ਦੂਸਰਾ ਆਪਣੀਆਂ ਲਿਖਤਾਂ ਛਪਣ ਤੋਂ ਪਹਿਲਾਂ ਭੇਜਦਾ ਹੈ। ਕੋਈ ਦੱਸੇ ਕਿ:-

(i) ਕੀ ਸ਼੍ਰੋਮਣੀ ਕਮੇਟੀ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਏ ਖਰੜਿਆਂ ਬਾਰੇ ਕਦੀ ਵੀ ਆਪਣੀ ਰਾਇ/ਇਤਰਾਜ਼ ਆਦਿ ਕਾਲਾ ਅਫ਼ਗਾਨਾ ਨੂੰ ਭੇਜੇ ? ਕਦਾਚਿਤ ਨਹੀਂ।

(ii) ਕੀ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਵੱਲੋਂ ਦਿਖਾਈ ਬੇਰੁਖੀ ਅਤੇ ਅਣਗਹਿਲੀ ਲਈ ਅੱਜ ਲੇਖਕ (ਕਾਲਾ ਅਫ਼ਗਾਨਾ) ਜ਼ਿੰਮੇਵਾਰ ਹੈ ? ਕਿ ਜਾਂ ਉਸ ਸਮੇਂ ਦੇ ਵਿਅਕਤੀ-ਵਿਸ਼ੇਸ਼ ਜਿਨ੍ਹਾਂ ਨੇ ਵਿਸ਼ੇ ਦੀ ਅਹਿਮੀਅਤ ਨੂੰ ਨਾ ਸਮਝਿਆ ਅਤੇ ਦਰ-ਗੁਜ਼ਰ ਕਰ ਗਏ ?

(ੳ) (i) ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਦੇ ਕੇਸ ਵਿੱਚ ਅਕਾਲ ਤਖ਼ਤ ਵਿਖੇ ਪ੍ਰੈੱਸ ਦੀ ਮੌਜੂਦਗੀ ਵਿੱਚ ਦੋਹਾਂ ਧਿਰਾਂ ਦੇ ਵਿਦਵਾਨਾਂ ਦਾ ਵਿਚਾਰ-ਵਟਾਂਦਰਾ ਕਰਵਾਇਆ ਗਿਆ, ਜਿਸ ਵਿੱਚ ਡਾ. ਪਸ਼ੌਰਾ ਸਿੰਘ ਨੇ ਵੀ ਖੁੱਲ੍ਹ ਕੇ ਚਰਚਾ ਵਿੱਚ ਹਿੱਸਾ ਲਿਆ ਅਤੇ ਆਪਣੀ ਗ਼ਲਤੀ ਮੰਨੀ। ਏਸ ਤੋਂ ਪਹਿਲਾਂ ਪ੍ਰੈੱਸ ਵਿੱਚ ਮਹੀਨਿਆਂ ਬੱਧੀ ਬਹਿਸ ਚੱਲੀ। ਤਦ ਜਾ ਕੇ ਮੁੱਦੇ ਦਾ ਨਿਤਾਰਾ ਹੋਇਆ।

(ii) ਦੂਸਰੇ ਪਾਸੇ ਗੁਰਤੇਜ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮੰਗ ਕੀਤੀ ਗਈ ਸੀ ਕਿ ਡਾ. ਪਿਆਰ ਸਿੰਘ, ਪਸ਼ੌਰਾ ਸਿੰਘ ਹੁਰਾਂ ਦੇ ਕੇਸ ਦੀ ਤਰਜ਼ 'ਤੇ ਕਾਲਾ ਅਫਗਾਨਾ ਦੇ ਕੇਸ/ਲਿਖਤਾਂ ਉੱਤੇ ਦੋਨੋ ਪੱਖਾਂ ਦੇ ਵਿਦਵਾਨਾਂ ਦੀ ਬਹਿਸ ਕਰਵਾ ਕੇ ਰਿਕਾਰਡ ਕਰਵਾਈ ਜਾਵੇ। ਪਰੰਤੂ ਕਾਰਣ ਕੁਝ ਵੀ ਹੋਣ, ਕਾਲਾ ਅਫ਼ਗਾਨਾ ਦੇ ਕੇਸ ਵਿੱਚ ਇਹ ਬਹਿਸ ਨਹੀਂ ਕਰਵਾਈ ਗਈ। ਆਖ਼ਰ ਕੋਈ ਕੌਮ ਨੂੰ ਦੱਸੇ ਕਿਉਂ ਨਹੀਂ ?

(ਅ) (i) ਡਾ. ਪਿਆਰ ਸਿੰਘ ਤੇ ਪਿਸ਼ੌਰਾ ਸਿੰਘ ਦੇ ਕੇਸ ਵਿੱਚ ਗੁਰਤੇਜ ਸਿੰਘ ਤੇ ਸਾਥੀਆਂ ਦਾ ਇੱਕੋ-ਇੱਕ ਉਦੇਸ਼ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ੁੱਧਤਾ (sanctity) ਦੀ ਰਾਖੀ ਕਰਨਾ ਸੀ।

(ii) ਕਾਲਾ ਅਫ਼ਗਾਨਾ ਤਾਂ ਖ਼ੁਦ ਹੀ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਸੰਸਾਰ ਦੀ ਸਭ ਤੋਂ ਉੱਤਮ, ਮਤੁਬਰੱਕ, ਮੁਕੱਦਸ, ਪਵਿੱਤਰ ਤੇ ਪੁਨੀਤ (sacred) ਮੰਨਦਾ ਹੈ।

ੲ) ਕਾਲਾ ਅਫਗਾਨਾ ਦੀਆਂ ਲਿਖਤਾਂ ਵਿੱਚ ਦਸਮ ਗੁਰਦੇਵ ਦੇ ਆਖਰੀ ਇਲਾਹੀ ਹੁਕਮਾਂ (commandments) 'ਚੋਂ "ਪਰਚਾ ਸ਼ਬਦ ਕਾ" ਦੀ ਕਸਵੱਟੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ ਹੈ ਤਾਂ ਜੋ ਭੁੱਲ ਕੇ ਵੀ ਗੁਰਬਾਣੀ ਦੀਆਂ ਸੀਮਾਵਾਂ (ambit) ਅਤੇ ਸੰਕਲਪ (aims) ਦੀ ਅਵਹੇਲਣਾ ਨਾ ਕਰ ਬੈਠੇ। ਉਸ ਨੇ ਹਰ ਵਿਸ਼ੇ ਦੀ ਪ੍ਰੋੜ੍ਹਤਾ ਲਈ ਪਾਵਨ ਗੁਰਬਾਣੀ ਦੇ ਘੱਟੋ-ਘੱਟ ਪੰਜ-ਪੰਜ ਪ੍ਰਮਾਣਾਂ ਦੀ ਓਟ ਲਈ ਹੈ।

ਸਮੇਂ ਦੇ ਵੇਗ ਨਾਲ ਸਿਆਸੀ ਕਿੜਾਂ ਕੱਢਣ ਤੇ ਰੋਟੀਆਂ ਸੇਕਣ ਦੇ ਆਸ਼ੇ ਨਾਲ ਸਿਸਟਮ ਵਿੱਚ ਆਈ ਗਿਰਾਵਟ ਦਾ ਸ਼ਿਕਾਰ ਹੋਈਆਂ ਧਾਰਮਕ ਸੰਸਥਾਵਾਂ/ਅਕਾਲ ਤਖ਼ਤ ਆਦਿ ਦੀ ਅਜ਼ਮਤ ਤੱਕ ਨੂੰ ਆਪ ਹੀ ਘੱਟੇ ਰੋਲਣ ਵਾਲੇ, 'ਅਕਾਲ ਤਖ਼ਤ ਮਹਾਨ' ਦੀ ਰਟ ਲਾ ਕੇ ਕੇਵਲ ਸਿੱਖ ਮਾਨਸਿਕਤਾ ਦਾ ਸ਼ੋਸ਼ਣ ਕਰ ਰਹੇ ਹਨ। ਉਹ ਲੋਕ ਸਿੱਖ ਪਰੰਪਰਾਵਾਂ, ਰਵਾਇਤਾਂ, ਵਿਸ਼ਵਾਸਾਂ ਅਤੇ ਮਾਨਤਾਵਾਂ ਨਾਲ ਦਿਨ-ਦਿਹਾੜੇ ਖਿਲਵਾੜ ਕਰ ਕੇ ਦਨਦਨਾਉਂਦੇ ਫਿਰ ਰਹੇ ਹਨ। ਕਿਉਂਕਿ ਅੱਜ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਤੱਕ ਵੀ ਕੇਵਲ ਤੇ ਕੇਵਲ ਇਹਨਾਂ ਲੋਕਾਂ ਦੇ ਸਰਗਨੇ ਪ੍ਰਕਾਸ਼ ਸਿੰਘ ਬਾਦਲ ਦੇ ਰਹਿਮੋ ਕਰਮ 'ਤੇ ਹੀ ਤਾਂ ਹੈ। 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਇਹ ਕਿ ਕੌਮੀ ਗਿਰਾਵਟ ਦੀ ਕੋਈ ਸੀਮਾ ਨਹੀਂ ਹੋਇਆ ਕਰਦੀ ਕਿਉਂਕਿ ਉਸ ਵਰਤਾਰੇ ਲਈ ਜ਼ੁੰਮੇਵਾਰ ਲੋਕਾਂ ਲਈ ਕੇਵਲ ਤੇ ਕੇਵਲ 'ਨਿੱਜ' ਸਭ ਤੋਂ ਉੱਪਰ ਹੋਇਆ ਕਰਦਾ ਹੈ ਤੇ 'ਨਿੱਜ' ਦੀ ਪੂਰਤੀ ਲਈ ਉਹ ਸਥਾਪਤ ਕੌਮੀ ਕਦਰਾਂ-ਕੀਮਤਾਂ ਦੀ ਬਲੀ ਤੱਕ ਦੇ ਦੇਣ ਨੂੰ ਆਪਣਾ ਜਨਮ-ਸਿੱਧ ਅਧਿਕਾਰ ਸਮਝ ਕੇ ਆਪਣੇ ਮੰਤਵ ਦੀ ਪੂਰਤੀ ਵੱਲ ਬੇਖ਼ੌਫ਼ ਤੇ ਬੇਰੋਕ-ਟੋਕ ਵਧਦੇ ਹਨ। ਠੀਕ ਇਸੇ ਤਰ੍ਹਾਂ ਹੋਇਆ ਹੈ। ਸਾਡੇ ਕੌਮੀ ਸੀਨ 'ਤੇ ਵੱਧ ਤੋਂ ਵੱਧ ਪੰਥਕ ਜਥੇਬੰਦੀਆਂ ਦੀ ਸਹਿਮਤੀ ਨਾਲ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਦੀ ਨਿਯੁਕਤੀ ਦੀ ਪਰੰਪਰਾ ਨੂੰ ਇੱਕ ਝਟਕੇ 'ਚ ਹੀ ਤਿਆਗ ਦਿੱਤਾ ਗਿਆ। ਇੱਕ ਸਮਾਂ ਸੀ ਜਦੋਂ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਦੀ ਨਿਯੁਕਤੀ ਵਿੱਚ ਵੱਧ ਤੋਂ ਵੱਧ ਪੰਥਕ ਜਥੇਬੰਦੀਆਂ ਨੂੰ ਭਰੋਸੇ ਵਿੱਚ ਲਿਆ ਜਾਂਦਾ ਸੀ, ਜੋ ਆਪਣੇ-ਆਪ ਵਿੱਚ ਪੰਥਕ ਪ੍ਰਵਾਨਗੀ ਦਾ ਲਖਾਇਕ ਸੀ। ਉਪਰੋਕਤ ਵਰਤਾਰੇ ਦੇ ਫਲ਼ਸਰੂਪ ਆਪੂੰ ਸਿੱਖ ਕੌਮ ਦਾ ਵਾਹਿਦ ਲੀਡਰ ਬਣ ਬੈਠੇ ਬਾਦਲ ਨੇ ਜਥੇਦਾਰ ਕੱਢਣੇ ਸ਼ੁਰੂ ਕੀਤੇ ਲਫ਼ਾਫ਼ਿਆ 'ਚੋਂ ਅਤੇ ਉਹ ਵੀ ਸਰਕਾਰੀ ਰੈਸਟ ਹਾਊਸਾਂ ਵਿੱਚ ਮੀਟਿੰਗਾਂ ਕਰ ਕੇ। ਮੁੱਖ ਸੇਵਾਦਾਰ ਇਸ ਤਰ੍ਹਾਂ ਲਗਾਏ ਤੇ ਹਟਾਏ ਗਏ ਜਿਵੇਂ ਕੋਈ ਹਟਬਾਣੀਆਂ ਆਪਣੇ ਕਰਿੰਦੇ ਨੂੰ।

ਕੀ ਇਸ ਪ੍ਰਕਿਰਿਆ ਤੋਂ ਉਪਜਿਆ ਅਕਾਲ ਤਖ਼ਤ ਦਾ ਕੋਈ ਵੀ ਮੁੱਖ ਸੇਵਾਦਾਰ ਆਜ਼ਾਦ ਖ਼ਿਆਲੀ ਤੇ ਬਾ-ਵਕਾਰ ਹੋ ਕੇ ਵਿਚਰ ਸਕਦਾ ਹੈ ? ਨਹੀਂ, ਬਿਲਕੁਲ ਨਹੀਂ।

ਪਿਛਲੇ ਥੋੜ੍ਹੇ ਸਮੇਂ ਦੇ ਘਟਨਾਕ੍ਰਮਾਂ ਜਿਵੇਂ ਕਿ ਜਃ ਗੁਰਚਰਨ ਸਿੰਘ ਟੌਹੜਾ ਅਤੇ ਭਾਈ ਰਣਜੀਤ ਸਿੰਘ (ਨਿਰੰਕਾਰੀ ਕਾਂਡ), ਬੀਬੀ ਜਗੀਰ ਕੌਰ ਅਤੇ ਭਾਈ ਪੂਰਨ ਸਿੰਘ ਕਾਂਡ, ਭਾਈ ਮਹਿੰਦਰ ਸਿੰਘ ਰੁਮਾਣਾ ਅਤੇ ਭਾਈ ਇਕਬਾਲ ਸਿੰਘ ਕਾਂਡ, ਭਾਈ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਭਾਈ ਪੂਰਨ ਸਿੰਘ ਦੇ ਕੀਤੇ ਹੁਕਮਨਾਮੇ ਵਾਪਸ ਲੈਂਦਿਆਂ ਹੀ ਆਪਣੇ ਮਾਲਕਾਂ ਦੇ ਆਦੇਸ਼ 'ਤੇ ਪੁੱਠਾ ਮੋੜ ਲੈ ਕੇ ਹੁਕਮਨਾਮੇ 'ਤੇ ਅਮਲ ਅਤੇ ਉਨ੍ਹਾਂ 'ਤੇ ਪੁਨਰ-ਵਿਚਾਰ ਜਾਂ ਵਾਪਸੀ ਤੋਂ ਇਨਕਾਰ ਦੇ ਘਟਨਾਕ੍ਰਮ ਨਾਲ ਕੀ ਗੁਰਬਾਣੀ ਦੇ ਪਾਵਨ ਫ਼ੁਰਮਾਨ "ਗੁਝਾ ਕਮਾਣਾ ਪ੍ਰਗਟ ਹੋਆ, ਈਤ ਉਤਹਿ ਖੁਆਰੀ॥ ਨਾਨਕ ਸਤਿਗੁਰ ਬਾਝ ਮੂਠਾ ਮਨਮੁਖੋ ਅਹੰਕਾਰੀ॥" (ਪੰ. 460) ਨੂੰ ਸਾਕਾਰ ਨਹੀਂ ਕਰ ਦਿਖਾਇਆ ?

ਕੀ ਭਾਈ ਜੋਗਿੰਦਰ ਸਿੰਘ ਵੇਦਾਂਤੀ ਦੀ ਡੇਰੇਦਾਰ ਧਨਵੰਤ ਸਿੰਘ ਵਾਲੇ ਮਾਮਲੇ ਵਿੱਚ ਕੀਤੀ ਕਾਰਗੁਜ਼ਾਰੀ "ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੈ ਖੁਦਾਇ॥ ਵਢੀ ਲੈ ਕੇ ਹਕੁ ਗਵਾਏ॥ ਜੇ ਕੋ ਪੁਛੇ ਤਾ ਪੜਿ ਸੁਣਾਏ॥ (ਪੰ. 951) ਹੀ ਨਹੀਂ ਹੋ ਨਿੱਬੜੀ ?

ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਗੁਰਬਿਲਾਸ ਪਾਤਸ਼ਾਹੀ 6ਵੀਂ' ਨੂੰ ਵਾਪਸ ਲੈਣ ਤੋਂ ਬਾਅਦ ਜੋਗਿੰਦਰ ਸਿੰਘ ਵੇਦਾਂਤੀ, ਜੋ ਉਸ ਗੁਰੂ-ਨਿੰਦਕ ਗ੍ਰੰਥਾਵਲੀ ਦਾ ਸਹਿ-ਸੰਪਾਦਕ ਹੈ, ਵੱਲੋਂ ਇਸ 'ਅਕਾਲ ਦੇ ਤਖ਼ਤ' 'ਤੇ ਬੈਠ ਕੇ ਉਸੇ ਵਿਅਕਤੀ, (ਕਾਲਾ ਅਫ਼ਗਾਨਾ) ਜਿਸ ਦੀਆ ਕੋਸ਼ਿਸ਼ਾਂ ਸਦਕਾ ਇਹ ਗੁਰੂ-ਨਿੰਦਕ ਗ੍ਰੰਥਾਵਲੀ ਵਾਪਸ ਲਈ ਗਈ ਸੀ, ਨਾਲ ਕਿੜ ਕੱਢਣ ਲਈ ਆਪਣੇ ਰੁਤਬੇ (position) ਦਾ ਕੀਤਾ ਦੁਰਉਪਯੋਗ, ਉਸ ਦੇ ਅਗਾਊਂ ਵਿਹਾਰ ਤੋਂ ਹੀ ਝਲਕਦਾ ਨਹੀਂ ਸੀ ? ਏਨਾਂ ਹੀ ਨਹੀਂ, ਅਜੋਕਿਆਂ ਵਿੱਚ ਯੱਕੇ ਬਾਅਦ ਦੀਗਰੇ ਅਕਾਲ ਤਖ਼ਤ 'ਤੇ ਬੈਠੇ ਵਿਅਕਤੀ ਵਿਸ਼ੇਸ਼ ਨੇ ਜੱਥੇਦਾਰੀ ਦੇ ਆਤੰਕ ਦਾ ਸਹਾਰਾ ਲੈਂਦਿਆਂ ਪੂਰਾ ਤਾਣ ਲਗਾ ਕੇ ਨਹੀਂ ਪ੍ਰਚਾਰਿਆ ਕਿ ਅਕਾਲ ਤਖ਼ਤ 'ਤੇ ਬਿਰਾਜਮਾਨ ਵਿਅਕਤੀ ਵਿਸ਼ੇਸ਼ ਦੀ ਕਾਰਗੁਜ਼ਾਰੀ ਬਾਰੇ ਗੱਲ ਕਰਨਾ ਸਾਧਾਰਨ ਸਿੱਖ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ ਅਤੇ ਉਹਨਾਂ ਵੱਲੋਂ ਅਖੌਤੀ ਜੱਥੇਦਾਰਾਂ ਦੇ ਕਦ-ਬੁੱਤ, ਪ੍ਰਤਿਭਾ ਅਤੇ ਪ੍ਰਤਿਸ਼ਠਾ ਦਾ ਨਿਰਾਦਰ ਕਰਨ ਤੁਲ ਹੈ। ਅਪਰਾਧੀ ਸਿੱਖ ਹਰ ਹਾਲਤ ਵਿੱਚ ਸਜਾ ਦਾ ਅਧਿਕਾਰੀ ਹੈ ਅਤੇ ਸਜਾ ਭੁਗਤੇ ਬਿਨਾਂ ਸਿੱਖ ਸਮਾਜ ਵਿੱਚ ਵਿਚਰਨ ਦਾ ਅਧਿਕਾਰ ਖੋਹ ਬੈਠਦਾ ਹੈ। ਹੈ ਨਾ ਕਮਾਲ! "ਕਾਜ਼ੀ ਬੋਲਿਆ ਬਨਿ ਨਹੀਂ ਆਵੈ" (ਪੰ. 840)। ਕੂੜ ਦੇ ਵਪਾਰੀਆਂ ਦਾ ਹੀ ਰੋਲ-ਮਾਡਲ ਤਾਂ ਨਹੀਂ ਬਣ ਬੈਠੇ ਹਨ ਸਾਡੇ ਅਜੋਕੇ 'ਜੱਥੇਦਾਰ' ਸਾਹਿਬਾਨ ?

ਕੀ ਅਕਾਲ ਤਖ਼ਤ 'ਤੇ ਬੈਠੇ ਵਿਅਕਤੀ ਵਿਸ਼ੇਸ਼ ਦੇ ਉਪਰੋਕਤ ਵਰਤਾਰੇ ਨੇ ਇਸ ਮਹਾਨ ਕੌਮੀ ਸੰਸਥਾ ਨੂੰ ਦੁਨੀਆਂ ਦੀਆਂ ਨਜ਼ਰਾਂ ਵਿੱਚ ਡੇਗਣ ਦੀ ਕੋਈ ਕਸਰ ਬਾਕੀ ਛੱਡੀ ਹੈ ? ਕੀ ਉਹ ਸਾਰੇ ਵਿਅਕਤੀ ਵਿਸ਼ੇਸ਼, ਜੋ ਇਸ ਵਰਤਾਰੇ ਦਾ ਕੇਂਦਰ ਬਿੰਦੂ ਹਨ, ਖ਼ੁਦ ਹੀ ਇਸ ਕੌਮੀ ਨਿਘਾਰ ਦੇ ਸਿੱਧੇ ਤੌਰ 'ਤੇ ਜ਼ੁੰਮੇਵਾਰ ਨਹੀਂ ਹਨ ? ਸਾਰੇ ਘਟਨਾਕ੍ਰਮ ਅਤੇ ਕੇਸਾਂ ਦੀ ਪਿੱਠ ਭੂਮੀ ਦੇ ਸੰਧਰਬ ਵਿੱਚ ਗੁਰਤੇਜ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਦੇ ਕੇਸ ਵਿੱਚ ਅਤੇ ਕਾਲਾ ਅਫ਼ਗਾਨਾ ਦੇ ਕੇਸ ਵਿੱਚ ਆਏ ਅੰਤਰ, ਸੂਰਤੇ ਹਾਲਾਤ, ਕਾਲ, ਢੰਗ, ਵਾਤਾਵਰਨ ਅਤੇ ਸਥਿਤੀ ਆਦਿ ਨੂੰ ਧਿਆਨ 'ਚ ਰੱਖਦਿਆਂ ਲਏ ਗਏ ਪੈਂਤੜੇ ਨੂੰ ਕਦਾਚਿਤ ਵੀ ਸਿਧਾਂਤਕ ਤਬਦੀਲੀ ਨਹੀਂ ਕਿਹਾ ਜਾ ਸਕਦਾ ਅਤੇ ਕਸ਼ਮੀਰ ਸਿੰਘ ਦੇ ਲਫ਼ਜ਼ਾਂ ਤੋਂ ਉਲਟ ਨਾ ਹੀ ਇਹ ਸੱਜਣ ਆਪਣੇ ਬਚਨਾਂ ਤੋਂ ਫਿਰੇ ਹਨ ਤੇ ਨਾ ਹੀ ਉਨ੍ਹਾਂ ਨੂੰ ਆਪਣਾ ਲਿਖਿਆ ਭੁੱਲਿਆ ਹੈ।

ਇਸ ਸਾਰੇ ਕੁਝ ਦੀ ਜ਼ਿੰਮੇਵਾਰ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਦੀ ਚੋਣ ਅਤੇ ਨਿਯੁਕਤੀ ਵਿੱਚ ਅਪਣਾਈ ਗਈ ਅਪੰਥਕ ਸੋਚ ਅਤੇ ਵਿਅਕਤੀ ਵਿਸ਼ੇਸ਼ ਦੀ ਕਾਰਗੁਜ਼ਾਰੀ ਵਿੱਚ ਆਈ ਸਿਧਾਂਤਕ ਗਿਰਾਵਟ ਹੈ, ਹੋਰ ਕੁਛ ਨਹੀਂ!

*****

# ਕਿਛੁ ਸੁਣੀਐ ਕਿਛੁ ਕਹੀਐ

## 1. ਪੰਥ ਰਤਨ !?

*ਅਮਰਜੀਤ ਸਿੰਘ ਚੰਦੀ*

*ਊਧਮ ਸਿੰਘ ਨਗਰ (ਰੁਦਰਪੁਰ), ਉਤ੍ਰਾਂਚਲ।*

ਰਤਨ ਕਿਸੇ ਬੇਸ਼-ਕੀਮਤੀ, ਵੱਡਮੁੱਲੀ ਵਸਤੂ ਨੂੰ ਕਿਹਾ ਜਾਂਦਾ ਹੈ। ਇਸ ਹਿਸਾਬ 'ਪੰਥ ਰਤਨ' ਪੰਥ ਦੀ ਬੇਸ਼-ਕੀਮਤੀ ਵਸਤੂ ਜਾਂ ਪੰਥ ਦੀ ਬਹੁਮੁੱਲੀ ਹਸਤੀ ਹੋਇਆ। ਪਿਛਲੇ ਦਿਨੀਂ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਮਰਨ ਉਪਰੰਤ ਇਸ ਸਨਮਾਨ ਨਾਲ ਨਿਵਾਜਿਆ ਗਿਆ।

ਜੇਕਰ ਬੰਦਾ ਜਿਊਂਦੇ ਜੀ ਪੰਥ ਦੀ ਵੱਡਮੁੱਲੀ ਸੇਵਾ ਕਰਦਾ ਹੋਵੇ ਤਾਂ ਇਹ ਸਨਮਾਨ ਜਿਊਂਦੇ ਜੀ ਵੀ ਦਿੱਤਾ ਜਾ ਸਕਦਾ ਹੈ। ਜੇਕਰ ਜਿਊਂਦੇ ਜੀ ਕਿਸੇ ਬੰਦੇ ਨੂੰ ਇਹ ਸਨਮਾਨ ਨਹੀਂ ਦਿਤਾ ਜਾ ਸਕਿਆ ਅਤੇ ਪੰਥ ਦਾ ਵਿਚਾਰ ਹੋਵੇ ਕਿ ਉਹ ਬੰਦਾ ਇਸ ਸਨਮਾਨ ਦਾ ਹੱਕਦਾਰ ਹੈ ਤਾਂ ਮਰਨ ਉਪਰੰਤ ਵੀ ਉਸ ਨੂੰ ਇਹ ਸਨਮਾਨ ਦਿਤਾ ਜਾ ਸਕਦਾ ਹੈ ਪਰ ਉਸ ਦੇ ਕੁਝ ਨਿਯਮ ਹੁੰਦੇ ਹਨ। ਜੇਕਰ ਕਿਸੇ ਵਿਅਕਤੀ ਨੇ ਪੰਥ ਦੇ ਬਹੁਤ ਮਹੱਤਵਪੂਰਨ ਸਿਧਾਂਤ ਲਈ ਕੁਰਬਾਨੀ ਦਿੱਤੀ ਹੋਵੇ ਤਾਂ ਉਸ ਦੀ ਅੰਤਮ ਅਰਦਾਸ ਵੇਲੇ ਇਹ ਸਨਮਾਨ ਦਿੱਤਾ ਜਾ ਸਕਦਾ ਹੈ ਅਤੇ ਜੇਕਰ ਕਿਸੇ ਬੰਦੇ ਨੇ ਕੌਮ ਨੂੰ ਅਜੇਹੀ ਯੋਗ ਅਗਵਾਈ ਦਿੱਤੀ ਹੋਵੇ ਜਿਸ ਸਦਕਾ ਪੰਥ ਨੂੰ ਕੁਝ ਪ੍ਰਾਪਤੀਆਂ ਹੋ ਸਕਦੀਆਂ ਹੋਣ ਤਾਂ ਉਸ ਨੂੰ ਵੀ ਮਰਨ ਉਪਰੰਤ ਇਹ ਸਨਮਾਨ ਦਿੱਤਾ ਜਾ ਸਕਦਾ ਹੈ। ਪਰ ਉਸ ਲਈ ਕੁਝ ਸਾਲ ਪੰਥਕ ਪ੍ਰਾਪਤੀਆਂ ਦਾ ਲੇਖਾ-

ਜੋਖਾ ਕਰਨਾ ਜ਼ਰੂਰੀ ਹੁੰਦਾ ਹੈ।

ਸ੍. ਗੁਰਚਰਨ ਸਿੰਘ ਟੌਹੜਾ ਲਈ ਤਾਂ ਇਨ੍ਹਾਂ ਵਿੱਚੋਂ ਕੋਈ ਸਿਧਾਂਤ ਵੀ ਲਾਗੂ ਨਹੀਂ ਹੁੰਦਾ। ਆਉ, ਜ਼ਰਾ ਪੜਚੋਲ ਕਰੀਏ:

ਜਿੱਥੋਂ ਤੱਕ ਕੁਰਬਾਨੀ ਦੇਣ ਦਾ ਸਵਾਲ ਹੈ, ਟੌਹੜਾ ਸਾਹਿਬ ਕਾਰ ਸੇਵਾ ਦੌਰਾਨ ਕੁਝ ਧੱਕਿਆਂ ਨਾਲ ਨਿਢਾਲ ਹੋ ਗਏ, ਹਸਪਤਾਲ ਲਿਜਾਏ ਗਏ ਪਰ ਉਨ੍ਹਾਂ ਦਾ ਅੰਤਮ ਸਮਾਂ ਟਾਲਿਆ ਨਹੀਂ ਜਾ ਸਕਿਆ। ਪਰ ਇਹ ਸ਼ਹਾਦਤ ਤਾਂ ਨਹੀਂ (ਹੋ ਸਕਦਾ ਹੈ ਸਮਾਂ ਪਾ ਕੇ ਟੌਹੜਾ ਸਾਹਿਬ ਨੂੰ ਵੀ ਲਾਲਾ ਲਾਜਪਤ ਰਾਇ, ਮੋਹਨ ਦਾਸ ਕਰਮ ਚੰਦ ਗਾਂਧੀ, ਇੰਦਰਾ ਗਾਂਧੀ, ਲਾਲਾ ਜਗਤ ਨਾਰਾਇਣ, ਰਾਜੀਵ ਗਾਂਧੀ ਜਿਹੇ ਸ਼ਹੀਦਾਂ ਦੀ ਕਤਾਰ ਵਿੱਚ ਖੜ੍ਹਾ ਕਰ ਦਿੱਤਾ ਜਾਵੇ)। ਕਿਸੇ ਵੇਲੇ ਟੌਹੜਾ ਸਾਹਿਬ ਨੂੰ ਪੰਥ ਲਈ ਸ਼ਹਾਦਤ ਦੇਣ ਦਾ ਅਵਸਰ ਮਿਲਿਆ ਸੀ, ਪਰ ਅਜੇਹਾ ਅਵਸਰ ਭਾਗਾਂ ਵਾਲੇ ਹੀ ਮਾਣਦੇ ਹਨ। ਟੌਹੜਾ ਸਾਹਿਬ ਸਭ ਸਿੱਖੀ ਕਦਰਾਂ- ਕੀਮਤਾਂ ਨੂੰ ਕਲੰਕਤ ਕਰਦੇ ਹੋਏ, ਹੱਥ ਖੜ੍ਹੇ ਕਰ ਕੇ ਸਰੰਡਰ (ਆਤਮ ਸਮਰਪਣ) ਕਰ ਗਏ ਸਨ। ਸੁਣਿਆ ਤਾਂ ਇੱਥੋਂ ਤੱਕ ਜਾਂਦਾ ਹੈ ਕਿ ਪੰਥ ’ਤੇ ਕੀਤੇ ਗਏ ਉਸ ਹਮਲੇ ਵਿੱਚ ਟੌਹੜਾ ਸਾਹਿਬ ਵੀ ਭਾਈਵਾਲ ਸਨ, ਪਰ ਹੋਰ ਕੋਈ ਗੱਲ ਨਾ ਛੇੜਦੇ ਹੋਏ ਇਹੀ ਕਾਫ਼ੀ ਹੈ ਕਿ ਟੌਹੜਾ ਸਾਹਿਬ ਪੰਥ ਲਈ ਸ਼ਹੀਦ ਨਹੀਂ ਹੋਏ।

ਦੂਸਰੀ ਗੱਲ ਹੈ ਪੰਥ ਨੂੰ ਸੁਚੱਜੀ ਅਗਵਾਈ ਦੀ, ਤਾਂ ਟੌਹੜਾ ਸਾਹਿਬ ਨੂੰ ਇਹ ਅਵਸਰ ਵੀ ਰੱਜ ਕੇ ਮਿਲਿਆ। ਉਹ 26 ਸਾਲ ਦੇ ਕਰੀਬ ਪੰਥ ਦੀ ਪ੍ਰਮੁੱਖ ਧਾਰਮਕ ਸੰਸਥਾ ਦੇ ਪ੍ਰਧਾਨ ਰਹੇ। ਹਾਲਾਂਕਿ ਐਸ.ਜੀ.ਪੀ.ਸੀ. ਵਿੱਚ ਬਹੁਤ ਨਿਘਾਰ ਆ ਚੁੱਕਾ ਹੈ ਪਰ ਇਸ ਆਧਾਰ ’ਤੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ ਪ੍ਰਮੁੱਖਤਾ ’ਤੇ ਸ਼ੰਕਾ ਨਹੀਂ ਕੀਤਾ ਜਾ ਸਕਦਾ। ਜੇਕਰ ਕਿਸੇ ਵੇਲੇ ਇਸ ਲਈ ਗੁਰਮੁਖ ਮੈਂਬਰਾਂ ਦੀ ਚੋਣ, ਸਿੱਖਾਂ ਦੇ ਭਾਗਾਂ ਵਿੱਚ ਹੋਈ ਤਾਂ ਨਿਸਚੇ ਹੀ ਇਹ ਸਿੱਖਾਂ ਲਈ ਬਹੁਤ ਕੁਝ ਕਰਨ ਦੇ ਸਮਰੱਥ ਹੈ। ਟੌਹੜਾ ਸਾਹਿਬ ਇਸ ਨਿਰਵਿਵਾਦ ਪ੍ਰਮੁੱਖ ਸੰਸਥਾ ਦੇ ਚੌਥਾਈ ਸਦੀ ਤੱਕ ਪ੍ਰਧਾਨ ਰਹੇ, ਉਨ੍ਹਾਂ ਨੇ ਅਜੇਹਾ ਕੀ ਕੁਝ ਕੀਤਾ ਜਿਸ ਦੇ ਆਧਾਰ ’ਤੇ ਉਨ੍ਹਾਂ ਨੂੰ ‘ਪੰਥ ਰਤਨ’ ਨਾਲ ਨਿਵਾਜਿਆ ਜਾ ਸਕੇ?

ਅਜੇਹੀ ਪ੍ਰਮੁੱਖ ਸੰਸਥਾ ਦੇ ਪ੍ਰਧਾਨ ਦਾ ਪੰਥ ਵਿੱਚ ਕੋਈ ਰੁਤਬਾ ਹੈ। ਜੇਕਰ ਇਸ ਨੂੰ ਪੰਥ ਦਾ ਪ੍ਰਮੁੱਖ ਧਾਰਮਕ ਰੁਤਬਾ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਪਰ ਟੌਹੜਾ ਸਾਹਿਬ ਚੌਥਾਈ ਸਦੀ ਉਸ ਰੁਤਬੇ ਦੇ ਗੌਰਵ ਬਾਰੇ ਵੀ ਨਾ ਸਮਝ ਸਕੇ, ਫਿਰ ਉਸ ਦੇ ਅਨੁਕੂਲ ਕੰਮ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਟੌਹੜਾ ਸਾਹਿਬ ਅਜੇਹੀ ਉੱਚ ਪਦਵੀ ’ਤੇ ਹੁੰਦੇ ਹੋਏ ਉਸ ਤੋਂ ਕਿਤੇ ਨੀਵੀਂ ਪਦਵੀ, ਰਾਜ ਸਭਾ ਦੀ ਮੈਂਬਰੀ, ਲਈ ਆਖਰੀ ਸਾਹਾਂ ਤੱਕ ਤਰਲੋਮੱਛੀ ਹੁੰਦੇ ਰਹੇ। ਉਹ ਆਪਣੀ ਸਾਰੀ ਉਮਰ ਭਾਰਤੀ ਸਿਆਸਤ ਦੀ ਗੰਦਗੀ ਵਿੱਚ ਸਥਾਪਤ ਹੋਣ ਲਈ ਤਿਕੜਮਾਂ ਕਰਦੇ ਰਹੇ — ਕਦੀ ਬਾਦਲ ਨਾਲ ਜੁੜ ਕੇ ਅਤੇ ਕਦੀ ਬਾਦਲ ਦੇ ਵਿਰੋਧ ਵਿੱਚ ਖੜ੍ਹ ਕੇ। ਉਨ੍ਹਾਂ ਦੀ ਸਿਆਸਤ ਇਸ ਤੋਂ ਵੱਧ ਕੁਝ ਨਹੀਂ ਸੀ ਕਿ ਉਹ ਸਿੱਖਾਂ ਦੇ ਮੋਢਿਆਂ ’ਤੇ ਖੜੋ ਕੇ ਰਾਜ ਸਭਾ ਵਿੱਚ ਪੁੱਜ ਜਾਣ।

ਵੈਸੇ ’84 ਦੇ ਹਾਲਾਤ ਵਿਚਲੇ ਸਿੱਖ ਜਵਾਨੀ ਦੇ ਲਹੂ ਦਾ ਤਿਲਕ ਲਗਾ ਕੇ ਤਾਂ ਸਾਰੇ ਹੀ ਲੀਡਰ ਕੁਰਸੀਆਂ ਮਾਣਦੇ ਰਹੇ ਹਨ ਅਤੇ ਸ੍. ਟੌਹੜਾ ਵੀ ਉਸ ਦਾ ਅਪਵਾਦ ਨਹੀਂ ਹਨ। 20 ਸਾਲ ਬੀਤ ਜਾਣ ’ਤੇ ਵੀ ਜਿਨ੍ਹਾਂ ਮੁੰਡਿਆਂ ਵਿਰੁੱਧ ਕੋਈ ਠੋਸ ਕੇਸ ਨਹੀਂ ਹਨ, ਉਹ ਅੱਜ ਵੀ ਕੇਸ ਦੇ ਨਾ ਚੱਲਣ ਕਾਰਣ ਜਾਂ ਯੋਗ ਪੈਰਵਾਈ ਦੇ ਅਭਾਵ ਕਾਰਨ ਜੇਲ੍ਹਾਂ ਵਿੱਚ ਰੁਲ ਰਹੇ ਹਨ। ਕੀ ਉਹ ਨਿੱਜੀ ਕਾਰਣਾਂ ਕਰਕੇ ਜੇਲ੍ਹਾਂ ਵਿੱਚ ਹਨ? ਜੇਕਰ ਉਹ ਪੰਥਕ ਕਾਰਣਾਂ ਕਰਕੇ ਜੇਲ੍ਹਾਂ ਵਿੱਚ ਹਨ ਤਾਂ ਉਨ੍ਹਾਂ ਦੀ ਯੋਗ ਪੈਰਵੀ ਕਿਸ ਨੇ ਕਰਨੀ ਸੀ? ਕੀ ਇਸ ਤੋਂ ਟੌਹੜਾ ਸਾਹਿਬ ਨੂੰ ਛੋਟ ਦਿੱਤੀ ਜਾ ਸਕਦੀ ਹੈ? ਨਿਰੰਕਾਰੀਆਂ ਨਾਲ ਸਾਂਝ, ਡੇਰੇਦਾਰਾਂ ਨਾਲ ਸਾਂਝ, ਅਖੌਤੀ ਕਾਰ ਸੇਵਾ ਵਾਲਿਆਂ ਨਾਲ ਸਾਂਝ (ਜਿਸ ਦੀ ਆੜ ਵਿੱਚ ਸਿੱਖ ਇਤਿਹਾਸਕ ਯਾਦਗਾਰਾਂ ਦਾ ਭੋਗ ਪਾਇਆ ਜਾ ਰਿਹਾ ਹੈ) ਟੌਹੜਾ ਸਾਹਿਬ ਦੇ ਖਾਸੇ ਸਨ।

ਕੀ ਇਹ ਸਾਰੇ ਲੱਛਣ ਇੱਕ ‘ਪੰਥ ਰਤਨ’ ਦੇ ਹਨ? ਜੇ ਅਜੇਹੇ ‘ਪੰਥ ਰਤਨ’ ਹੁੰਦੇ ਹਨ ਤਾਂ ਪੰਥ ਦੋਖੀ ਕਿਸ ਨੂੰ ਕਿਹਾ ਜਾ ਸਕਦਾ ਹੈ? ਇਹ ਤਾਂ ਉਹੀ ਗੱਲ ਹੈ ਕਿ ‘ਅੰਨ੍ਹਾਂ ਵੰਡੇ ਸੀਰਨੀ, ਮੁੜ ਮੁੜ ਆਪਣਿਆਂ ਨੂੰ ਦੇ’।

ਗੱਲ ਮਰੇ ਪਿੱਛੋਂ ਕਿਸੇ ਦੀ ਬਦਨਾਮੀ ਕਰਨ ਦੀ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਝੂਠ ਦੇ ਢੇਰ ਲਾਉਣ ਦੀ ਕਰੁਚੀ ਦੀ ਹੈ ਜਿਸ ਦਾ ਵਿਰੋਧ ਕਰਨਾ ਹੀ ਬਣਦਾ ਹੈ। ਆਉ ਇਸ ਕਰੁਚੀ ਦਾ ਖੁੱਲ੍ਹ ਕੇ ਵਿਰੋਧ ਕਰੀਏ ਤਾਂ ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਝੂਠ ਬੋਲਣ ’ਤੇ ਰੋਕ ਲਾਈ ਜਾ ਸਕੇ।

## 2. ‘ਜਥੇਦਾਰ’ ਵੇਦਾਂਤੀ ਜੀ ਨੂੰ ਸ਼ਿਕਾਗੋ (ਅਮਰੀਕਾ) ਪਹੁੰਚਣ ਤੋਂ ਪਹਿਲਾਂ ਪੰਜ ਸੁਆਲ?

*ਹਰਦੇਵ ਸਿੰਘ ਸ਼ੇਰਗਿੱਲ, ਕੈਲੇਫੋਰਨੀਆ*

ਜਥੇਦਾਰ ਜੀ! ਅਖ਼ਬਾਰੀ ਇਸ਼ਤਿਹਾਰ ਮੁਤਾਬਕ 20 ਅਪ੍ਰੈਲ ਨੂੰ ਸ਼ਿਕਾਗੋ ਆਉਣ ਤੋਂ ਪਹਿਲਾਂ ਸਿੱਖ ਸੰਗਤਾਂ ਨੂੰ ਇਹ ਸਪਸ਼ਟ ਕਰਨ ਦੀ ਖੇਚਲ ਕੀਤੀ ਜਾਵੇ ਕਿ:

1. (ਬਾਬਾ) ਦਲਜੀਤ ਸਿੰਘ ਸ਼ਿਕਾਗੋ ਵਾਲਿਆਂ ਦੀ ਇੰਡੀਆ ਰਹਿ ਰਹੀ ਪਤਨੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਤੁਹਾਡੇ ਸਾਹਮਣੇ ਰੋ-ਰੋ ਕੇ ਪੁਕਾਰ ਨਹੀਂ ਕੀਤੀ ਕਿ ਮੇਰਾ ਪਤੀ ਮੈਨੂੰ ਛੱਡ ਕੇ ਕਿਸੇ ਦੂਸਰੀ ਔਰਤ ਨਾਲ ਨਾਜਾਇਜ਼ ਸਬੰਧ ਬਣਾਈ ਬੈਠਾ ਹੈ?
2. ਕੀ ਪ੍ਰੋ. ਮਨਜੀਤ ਸਿੰਘ ਹੋਰਾਂ ਨੇ (ਜਿਹਨਾਂ ਕੋਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਉੱਪਰ ਇਹ ਦੁਖਿਆਰੀ ਔਰਤ ਪਹਿਲਾਂ ਪੁਕਾਰ ਕਰ ਚੁੱਕੀ ਸੀ ਅਤੇ ਉਹ ਆਪਣੇ ਵੱਲੋਂ ਨਿੱਜੀ ਤੌਰ ’ਤੇ ਕੀਤੀਆ ਕੋਸ਼ਿਸ਼ਾਂ ਵਿੱਚ ਅਸਫ਼ਲ ਰਹੇ ਸਨ) ਤੁਹਾਨੂੰ (ਬਾਬਾ) ਦਲਜੀਤ ਸਿੰਘ ਦੁਆਰਾ ਆਪਣੀ ਵਿਆਹੁਤਾ ਔਰਤ ਨਾਲ ਕੀਤੇ ਜਾ ਰਹੇ ਧੱਕੇ ਬਾਰੇ ਜਾਣੂੰ ਨਹੀਂ ਕਰਵਾਇਆ?

3. ਕੀ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਅਤੇ ਪੰਥ ਪ੍ਰਸਿੱਧ ਵਿਦਵਾਨ ਗਿਆਨੀ ਜਗਤਾਰ ਸਿੰਘ ਜਾਚਕ ਨਿਊਯਾਰਕ ਵਾਲਿਆਂ ਨੇ ਤੁਹਾਨੂੰ ਬਾਬਾ ਦਲਜੀਤ ਸਿੰਘ ਤੇ ਉਸ ਦੀ ਪਤਨੀ ਦੇ ਮਾਮਲੇ ਨੂੰ ਸੁਲਝਾਉਣ ਦੀ ਬੇਨਤੀ ਨਹੀਂ ਕੀਤੀ ?

4. ਕੀ ਤੁਸੀਂ ਉਪਰੋਕਤ ਸਾਰੇ ਯਤਨਾਂ ਅਤੇ ਉਸ ਅਬਲਾ ਔਰਤ ਦੇ ਤਰਲਿਆਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਸਗੋਂ (ਬਾਬਾ ਦਲਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਤ ਕਰਨ ਦਾ ਅਪਰਾਧ ਨਹੀਂ ਕੀਤਾ ?

5. ਜਥੇਦਾਰ ਜੀ ! ਕੀ ਪ੍ਰੋ. ਮਨਜੀਤ ਸਿੰਘ ਹੋਰਾਂ ਨੂੰ ਜਥੇਦਾਰੀ ਤੋਂ ਬਰਖ਼ਾਸਤ ਕਰਨ ਦਾ ਮੁੱਖ ਕਾਰਣ ਤੁਹਾਡਾ ਅਤੇ ਬਡੂੰਗਰ ਜੀ ਦਾ ਇਸ ਅਖੌਤੀ ਬਾਬੇ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਸਮਾਗਮਾਂ ਰਾਹੀਂ ਵਿਦੇਸ਼ਾਂ ਦੀਆਂ ਸੈਰਾਂ ਕਰਨ, ਜੇਬਾਂ ਭਰਨ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਬੀਬੀਆਂ ਦੇ ਸੇਵਾ ਦੇ ਮਸਲੇ ਨੂੰ ਟਾਲਣਾ ਹੀ ਤਾਂ ਨਹੀਂ ? ਕਿਉਂਕਿ ਪ੍ਰੋ. ਮਨਜੀਤ ਸਿੰਘ ਇਹਨਾਂ ਦੋਹਾਂ ਮਸਲਿਆ ਵਿੱਚ ਰੁਕਾਵਟ ਬਣ ਰਹੇ ਸਨ।

ਕੀ ਤੁਹਾਨੂੰ ਤੁਹਾਡੀ ਜ਼ਮੀਰ ਆਗਿਆ ਦਿੰਦੀ ਹੈ ਕਿ ਤੁਸੀਂ ਅਜਿਹੀ ਨਿੱਘਰੀ ਅਵਸਥਾ ਵਿੱਚ ਵੀ ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਦੀ ਪਦਵੀ 'ਤੇ ਟਿਕੇ ਰਹੋ ਜਾਂ ਇਸ ਅਖੌਤੀ ਬਾਬੇ ਦੇ ਸੱਦੇ 'ਤੇ ਸ਼ਿਕਾਗੋ ਆ ਕੇ ਗੁਰਮਤਿ-ਸਿਧਾਂਤਾਂ ਦੇ ਵਿਪਰੀਤ ਸੰਪਰਦਾਇਕਤਾ ਨੂੰ ਬੜ੍ਹਾਵਾ ਦਿਉ ?

## 3. ਅਖ਼ੌਤੀ ਗ੍ਰੰਥ ਦਾ ਸਤਿਕਾਰ ?

ਸਤਿਕਾਰਯੋਗ ਜਥੇਦਾਰ ਤਰਲੋਚਨ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਬੀਬੀ ਹਰਬੰਸ ਕੌਰ ਜੀ ਦੇ ਪੱਤਰ ਦੇ ਉੱਤਰ ਵਿੱਚ ਆਪ ਦਾ ਪੱਤਰ *'ਵਿਸ਼ਵ ਸਿੱਖ ਬੁਲੇਟਿਨ'* ਵਿੱਚ ਪੜ੍ਹ ਕੇ ਕਾਫ਼ੀ ਹੈਰਾਨੀ ਹੋਈ। ਸਤਿਗੁਰਾਂ ਦੀ ਬਾਣੀ ਜਿਸ ਦਾ ਆਪ ਨੇ ਜਿਕਰ ਕੀਤਾ ਹੈ, ਦਸਮ ਗ੍ਰੰਥ ਵਿੱਚ ਆਟੇ ਵਿੱਚ ਲੂਣ ਦੇ ਬਰਾਬਰ ਹੈ। ਜੇ ਇਹ ਕਹੀਏ ਕਿ ਬੀਬੀ ਜੀ ਨੇ ਆਟੇ ਵਿੱਚੋਂ ਲੂਣ ਨਹੀਂ ਚਖਿਆ ਤਾਂ ਆਪ ਨੇ ਸਿਰਫ਼ ਲੂਣ ਦੀ ਹੀ ਗੱਲ ਕੀਤੀ ਹੈ, ਆਟੇ ਨੂੰ ਤਾਂ ਭੁੱਲ ਹੀ ਗਏ। ਅਸਲੀ ਮੁੱਦੇ 'ਤੇ ਆਏ ਹੀ ਨਹੀਂ।

1. ਆਪ ਦੀ ਚਿੱਠੀ ਦੱਸਦੀ ਹੈ ਕਿ ਆਪ ਦਸਮ-ਗ੍ਰੰਥ ਦੇ ਪਾਠ ਦੇ ਕਾਫ਼ੀ ਪ੍ਰੇਮੀ ਹੋ। ਪਰ ਪਾਠ ਤੋਂ ਜ਼ਿਆਦਾ ਜ਼ਰੂਰੀ ਹੈ ਇਸ ਰਚਨਾ ਨੂੰ ਗੁਰਮਤਿ ਕਸੌਟੀ 'ਤੇ ਪਰਖਣਾ। ਆਓ ਬਚਿਤ੍ਰ ਨਾਟਕ ਦੀ ਇੱਕ ਤੁਕ 'ਤੇ ਵਿਚਾਰ ਕਰੀਏ।

*"ਤਹ ਹਮ ਅਧਿਕ ਤਪਸਿਆ ਸਾਧੀ ॥ ਮਹਾਕਾਲ ਕਾਲਕਾ ਅਰਾਧੀ ॥"*

2. ਬਚਿਤ੍ਰ ਨਾਟਕ ਦੀ ਇਹ ਤੁਕ, ਦਸਮੇਸ਼ ਪਿਤਾ ਦੇ ਪਿਛਲੇ ਜਨਮ ਵਿੱਚ ਮਹਾਕਾਲ-ਕਾਲਕਾ ਦੀ ਜੁਗਲ ਜੋੜੀ ਦੀ ਤਪੱਸਿਆ ਦਾ ਜ਼ਿਕਰ ਕਰਦੀ ਹੈ। ਆਓ ਇਸ ਤੁਕ ਨੂੰ ਗੁਰਬਾਣੀ ਦੀ ਕਸੌਟੀ 'ਤੇ ਪਰਖੀਏ।

(ੳ). ਦਸਮੇਸ਼ ਪਿਤਾ ਜੀ ਫਰਮਾਉਂਦੇ ਹਨः-

*(i) ਬ੍ਰਹਮ ਮਹੇਸਰ ਬਿਸਨ ਸਚੀ ਪਤਿ ਅੰਤ ਫਸੇ ਜਮ ਫਾਸ ਪਰੈਂਗੇ ॥*
*ਜੇ ਨਰ ਸ੍ਰੀਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥(ਸਵੱਯਾ ਪਾ: ੧੦)*
*(ii) ਕੋਊ ਬੁਤਾਨ ਕੋ ਪੂਜਤ ਹੈ ਪਸ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥*
*(ਸਵੱਯਾ ਪਾ: ੧੦)*

*(ਅ). ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਰਮਾਨ ਹਨः*

*(i) ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਲਦ ਚਢੇ ਡਉਰੂ ਢਮਕਾਵੈ ॥*
*ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥*
*(ਭ: ਨਾਮਦੇਵ ਜੀ ਅੰਗ 874)*
*(ii) ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥*
*(ਮ: ੫, ਅੰਗ 852)*
*(iii) ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥*
*(ਮ: ੫, ਅੰਗ 1138)*

3. ਗੁਰਬਾਣੀ ਬੁੱਤ ਪੂਜਾ ਅਤੇ ਦੇਵੀ-ਦੇਵਤਿਆਂ ਦੀ ਪੂਜਾ ਛੱਡ ਕੇ ਇੱਕੋ ਅਕਾਲ ਪੁਰਖ ਨੂੰ ਸਿਮਰਨ ਦਾ ਉਪਦੇਸ਼ ਦੇਂਦੀ ਹੈ। ਬਚਿਤ੍ਰ ਨਾਟਕ ਦੀ ਉੱਪਰਲੀ ਤੁਕ ਗੁਰਬਾਣੀ ਦੀ ਕਸੌਟੀ 'ਤੇ ਖ਼ਰੀ ਨਹੀਂ ਉਤਰਦੀ। ਇਸ ਵਾਸਤੇ ਬਚਿਤ੍ਰ ਨਾਟਕ ਦੀ ਰਚਨਾ ਦਸ਼ਮੇਸ਼ ਪਿਤਾ ਦੀ ਨਹੀਂ ਹੋ ਸਕਦੀ। ਇਹ ਕਿਸੇ ਸਿੱਖ-ਧਰਮ ਦੇ ਦੋਖੀ ਦੀ ਰਚਨਾ ਅਤੇ ਗੁੱਝੀ ਸ਼ਰਾਰਤ ਹੈ। ਦਸਮ ਗ੍ਰੰਥ ਐਸੀਆਂ ਸ਼ਰਾਰਤਾਂ ਨਾਲ ਭਰਿਆ ਹੋਇਆ ਹੈ। ਇਸ ਵਿੱਚ ਸਤਿਗੁਰਾਂ ਦੀ ਬਾਣੀ ਸਿਰਫ਼ ਜਾਪ ਸਾਹਿਬ, ਅਕਾਲ ਉਸਤਤਿ, ਤੇਤੀ ਸਵੈਯੇ, ਜ਼ਫਰਨਾਮਾ ਅਤੇ ਖ਼ਾਲਸਾ ਮਹਿਮਾ ਹੈ।

4. ਸਾਰੇ ਸੰਸਾਰ ਵਿੱਚ ਗੁਰੂ ਗ੍ਰੰਥ ਸਾਹਿਬ ਇੱਕ ਐਸਾ ਧਰਮ ਗ੍ਰੰਥ ਹੈ ਜਿਸ ਦੀ ਬਾਣੀ ਸਤਿਗੁਰਾਂ ਨੇ ਆਪ ਲਿਖ ਕੇ ਸੰਭਾਲੀ। ਹੋਰ ਸਾਰੇ ਧਰਮ ਗ੍ਰੰਥ ਉਨਾਂ ਦੇ ਪੀਰਾਂ, ਪੈਗੰਬਰਾਂ, ਅਵਤਾਰਾਂ ਦੀ ਆਪਣੀ ਲਿਖਤ ਨਹੀਂ ਹਨ। ਉਨ੍ਹਾਂ ਪਿੱਛੋਂ ਚੇਲਿਆਂ ਦੀ ਲਿਖਤ ਹਨ।

5. ਸੱਚੀ ਬਾਣੀ ਦੀ ਸੋਝੀ ਸਿਰਫ਼ ਸਤਿਗੁਰਾਂ ਨੂੰ ਹੀ ਹੈ। (ਸਤਿਗੁਰੂ ਬਿਨਾ ਹੋਰ ਕੱਚੀ ਹੈ, ਜਦੋਂ ਕਿਸੇ ਸਿੱਖ ਨੇ ਸੰਪਾਦਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਨਤੀਜਾ ਸਾਡੇ ਸਾਹਮਣੇ ਹੈ। ਦਸਮ ਗ੍ਰੰਥ ਜੋ ਕਿ ਕੱਚੀ ਬਾਣੀ ਨਾਲ ਭਰਿਆ ਹੋਇਆ ਹੈ, ਸੱਚੀ ਬਾਣੀ ਦਾ ਭੁਲੇਖਾ ਦੇ ਕੇ।)

6. ਕਈ ਉੱਘੇ ਵਿਦਵਾਨ ਅਤੇ ਧਰਮ-ਪ੍ਰਚਾਰਕ ਦਸਮ ਗ੍ਰੰਥ ਨੂੰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗ੍ਰੰਥ ਦੱਸਦੇ ਹਨ, ਜਦੋਂ ਕਿ ਦਸ਼ਮੇਸ਼ ਪਿਤਾ ਜੀ ਨੇ ਐਸਾ ਕੋਈ ਵੀ ਗ੍ਰੰਥ ਤਿਆਰ ਨਹੀਂ ਕਰਵਾਇਆ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦਮਦਮਾ ਸਾਹਿਬ ਵਿਖੇ ਸੰਪੂਰਨ ਕੀਤਾ ਅਤੇ ਹਜ਼ੂਰ ਸਾਹਿਬ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਖ਼ਸ਼ੀ ਅਤੇ ਹੁਕਮ ਕੀਤਾ "... ਗੁਰੂ ਮਾਨਿਓ ਗ੍ਰੰਥ॥" ਕਿਸੇ ਵੀ ਅਖੌਤੀ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਸਨਮਾਨ ਦੇ ਕੇ ਉਸ ਦੀ ਬਾਣੀ ਦਾ ਪਾਠ ਕਰਨਾ "ਧੁਰਿ ਕੀ ਬਾਣੀ" ਦੀ ਬੇਅਦਬੀ ਹੈ ਅਤੇ ਦਸ਼ਮੇਸ਼ ਪਿਤਾ ਜੀ ਦੀ ਹੁਕਮ-ਅਦੂਲੀ। ਇਹ ਬੇਅਦਬੀ ਤਖ਼ਤ ਪਟਨਾ ਸਾਹਿਬ ਅਤੇ ਤਖ਼ਤ ਹਜ਼ੂਰ ਸਾਹਿਬ ਹਰ ਰੋਜ਼ ਹੁੰਦੀ ਹੈ।

7. ਆਪ ਜੀ ਦੇ ਪੱਤਰ ਤੋਂ ਲੱਗਦਾ ਹੈ ਕਿ ਬਾਕੀ ਤਿੰਨੇ ਤਖ਼ਤ ਅਖੌਤੀ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਸਥਾਪਨ ਕਰ ਕੇ, ਗੁਰਬਾਣੀ ਦੀ ਘੋਰ-ਬੇਅਦਬੀ ਕਰਨ ਵਿੱਚ ਜ਼ਿਆਦਾ ਪਿੱਛੇ ਨਹੀਂ ਹਨ। ਸਿਰਫ਼ ਵਿਦਵਾਨਾਂ ਦੀ ਕਮੇਟੀ ਦੀ ਰਿਪੋਰਟ ਦਾ ਇੰਤਜ਼ਾਰ ਹੈ।

8. ਵਾਹਿਗੁਰੂ ਸਿੱਖ ਧਰਮ ਦੇ ਆਗੂਆਂ ਨੂੰ ਸੁਮੱਤ ਦੇਵੇ ਅਤੇ ਇਨ੍ਹਾਂ ਦੀ ਬਿਪਰ-ਬੁੱਧੀ ਤੋਂ ਸਿੱਖ ਪੰਥ ਨੂੰ ਬਚਾਵੇ। ਇਹ ਮੇਰੀ ਅਰਦਾਸ ਹੈ। ਇਹ ਆਗੂ 270-280 ਸਾਲਾਂ ਵਿੱਚ ਸੱਚੀ ਬਾਣੀ ਨੂੰ ਕੱਚੀ ਤੋਂ ਅਲੱਗ ਤਾਂ ਨਹੀਂ ਕਰ ਸਕੇ, ਸਗੋਂ ਕੱਚੀ ਬਾਣੀ ਨੂੰ ਦਸ਼ਮੇਸ਼ ਪਿਤਾ ਦੀ ਬਾਣੀ ਕਹਿੰਦੇ ਹਨ।

ਉੱਤਰ ਦੇ ਇੰਤਜ਼ਾਰ ਵਿੱਚ,

*ਕਮਾਂਡਰ (ਰਿਟਾ.) ਗੁਰਮੁਖ ਸਿੰਘ*

*ਪਟਿਆਲਾ*

*****

# ਸਮਕਾਲੀ ਸੰਦਰਭ

## 1. ਫੁਰਤੀ

*ਤਰਲੋਚਨ ਸਿੰਘ ਦੁਪਾਲਪੁਰ, ਨਵਾਂ ਸ਼ਹਿਰ।*

ਪੰਜ ਮਈ ਦੇ ਅੰਕ ਦੀ ਪਹਿਲੇ ਸਫ਼ੇ ਵਾਲੀ ਇਹ ਖਬਰ ਪੜ੍ਹ ਕੇ ਅਤਿ ਹੈਰਾਨੀ ਹੋਈ ਕਿ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਕਿ ਮੀਰੀ-ਪੀਰੀ ਸੇਵਾ ਦਲ ਦੇ ਮੁਖੀ ਭਾਈ ਗੁਰਿੰਦਰਪਾਲ ਸਿੰਘ ਧਨੌਲਾ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇਗਾ। ਖ਼ਬਰ ਦੀ ਪੂਰੀ ਇਬਾਰਤ ਪੜ੍ਹ ਕੇ ਸਪਸ਼ਟ ਮਾਲੂਮ ਹੋਇਆ ਹੈ ਕਿ ਜਥੇਦਾਰ ਜੀ ਭਾਈ ਧਨੌਲਾ ਵੱਲੋਂ ਸ੍ਰੀ ਬਾਦਲ ਦੇ ਖ਼ਿਲਾਫ਼ ਛਾਪੇ ਗਏ ਅਖ਼ਬਾਰੀ ਇਸ਼ਤਿਹਾਰਾਂ ਤੋਂ ਖਿਝੇ ਪਏ ਸਨ। ਅਪਾਣੇ ਬਿਆਨ ਵਿੱਚ ਉਹ ਕਹਿੰਦੇ ਹਨ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨਾਂ ਵੱਲੋਂ ਹਾਲੇ ਵਿਚਾਰਿਆ ਜਾਵੇਗਾ ਪਰ ਸ੍ਰੀ ਧਨੌਲਾ ਨੂੰ 'ਤਲਬ ਕਰਨ' ਦਾ ਐਲਾਨ ਉਨ੍ਹਾਂ ਪਹਿਲਾਂ ਹੀ ਕਰ ਦਿੱਤਾ ? ਮਾਣਯੋਗ ਸਿੰਘ ਸਹਿਬ ਵੱਲੋਂ ਦਿਖਾਈ ਗਈ ਇਸ 'ਫੁਰਤੀ' ਤੋਂ ਸਵਾਲ ਪੈਦਾ ਹੁੰਦਾ ਹੈ ਕਿ ਲੰਬੇ ਅਰਸੇ ਤੋਂ ਕੁਝ ਨਾਮੀ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰ ਸ੍ਰੀ ਲੰਗਾਹ ਅਤੇ ਅਕਾਲੀ ਮੁਖੀ ਸ੍ਰੀ ਬਾਦਲ ਵਿਰੁੱਧ ਕ੍ਰਮਵਾਰ ਰਮਾਇਣ ਦੇ ਪਾਠ ਕਰਵਾਉਣ ਅਤੇ ਮੱਥੇ ਤਿਲਕ ਲਗਵਾਉਣ, ਹਵਨ 'ਚ ਸ਼ਾਮਲ ਹੋਣ ਵਰਗੇ ਗੰਭੀਰ ਦੋਸ਼ ਆਇਦ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦਰਖਾਸਤਾਂ ਦਿੱਤੀਆਂ ਗਈਆਂ ਸਨ ਪ੍ਰੰਤੂ ਹੁਣ ਤੱਕ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਹੁਣ ਧਨੌਲਾ ਵਾਲੇ ਮਾਮਲੇ ਵਿੱਚ ਅਖਬਾਰਾਂ ਵਿੱਚੋਂ ਇਸ਼ਤਿਹਾਰ ਪੜ੍ਹ ਕੇ ਹੀ ਬੜੀ ਜਲਦੀ 'ਤਲਬ ਕਰਨ' ਦੇ ਐਲਾਨ ਕੀਤੇ ਜਾ ਰਹੇ ਹਨ। ਇਸ ਖ਼ਬਰ ਵਿੱਚ ਅੱਗੇ ਜਾ ਕੇ 'ਗੁਰੂ ਸਾਹਿਬ ਜੀ ਦੇ ਸਿਧਾਂਤਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਤਾੜਨਾ' ਕੀਤੀ ਗਈ ਹੈ। ਮਾਣਯੋਗ ਸਿੰਘ ਸਾਹਿਬ ਨੂੰ ਪੁੱਛਿਆ ਜਾ ਸਕਦਾ ਹੈ ਕਿ ਜਿਸ ਦਿਨ ਸ੍ਰੀ ਬਾਦਲ ਨੂੰ ਭ੍ਰਿਸ਼ਟਾਚਾਰ ਦੇ ਕੇਸ 'ਚੋਂ ਜ਼ਮਾਨਤ ਕਰਵਾਉਣ ਬਾਅਦ 'ਸਨਮਾਨਤ' ਕੀਤਾ ਗਿਆ ਸੀ ਕਿ ਉਸ ਦਿਨ ਸਿੱਖ ਰਵਾਇਤਾਂ ਦੀ ਸ਼ੋਭਾ ਨੂੰ 'ਚਾਰ ਚੰਨ' ਲੱਗ ਰਹੇ ਸਨ ?

*(17 ਮਈ 2004 ਦੇ ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

## 2. ਬੇਨਤੀ ਚੌਪਈ ਬਾਰੇ ਕੁਝ ਹਕੀਕਤਾਂ: ਅਤੀਤ ਦੇ ਪੰਨਿਆਂ 'ਚੋਂ ਵੱਲੋਂ

ਪ੍ਰੀਤਮ ਸਿੰਘ, ਪੀਐਚ. ਡੀ
2232 Scott' Lane,
Aurora, IL 60504,
U.S.A. March, 2004

ਸੇਵਾ ਵਿਖੇ,

੧. ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਪੰਜਾਬ।

੨. ਸ: ਜੋਗਿੰਦਰ ਸਿੰਘ ਵੇਦਾਂਤੀ,
ਮੁੱਖ ਸੇਵਕ, ਸ੍ਰੀ ਅਕਾਲ ਤਖ਼ਤ ਸਾਹਿਬ।

**ਵਿਸ਼ਾ: ਬੇਨਤੀ ਚੌਪਈ।**

ਸ੍ਰੀ ਮਾਨ ਜੀ,

**ਸਤਿਕਾਰ ਸਹਿਤ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥**

ਆਸ਼ਾ ਹੈ ਕਿ ਆਪ ਚੜ੍ਹਦੀਆਂ ਕਲਾਂ ਵਿੱਚ ਹੋਵੋਗੇ।

ਚੂੰਕਿ ਦਾਸ ਨੂੰ ਇਹ ਸਪਸ਼ਟ ਨਹੀਂ ਕਿ ਜਿਸ ਵਿਸ਼ੇ 'ਤੇ ਦਾਸ ਨੇ ਆਪਣੇ ਵਿਚਾਰ ਪ੍ਰਗਟ ਕਰਨੇ ਹਨ, ਉਹ ਕਿਸ ਵਿਅਕਤੀ ਦੀ ਨਿਗਰਾਨੀ ਹੇਠ ਆਉਂਦਾ ਹੈ, ਦਾਸ ਇਹ ਦਸਤਾਵੇਜ਼ ਦਰਬਾਰ ਸਾਹਿਬ ਦੇ ਦੋਨੋ ਮੁੱਖ ਅਧਿਕਾਰੀਆਂ ਨੂੰ ਸੰਬੋਧਨ ਕਰ ਰਿਹਾ ਹੈ। ਇਹ ਵਿਸ਼ਾ ਬਹੁਤ ਹੀ ਗੰਭੀਰ ਤੇ ਮਹੱਤਵਪੂਰਨ ਹੈ ਕਿਉਂਕਿ ਇਹ ਗੁਰਮਤ ਨਾਲ ਅਤਿ ਨੇੜਤਾ ਦਾ ਸਬੰਧ ਰੱਖਦਾ ਹੈ। ਇਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਉੱਪਰ ਵਿਚਾਰ ਕਰਨ ਦੀ ਲੋੜ ਹੈ।

ਇਸ ਸਬੰਧ ਵਿੱਚ ਜੋ ਚਿੱਠੀ-ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨਾਲ ਪਹਿਲਾਂ ਹੋਈ ਉਸ ਦਾ ਜ਼ਿਕਰ ਕਰਨਾ ਯੋਗ ਹੋਵੇਗਾ। ਇਹ ਚਿੱਠੀ-ਪੱਤਰ ਸ: ਸੰਤੋਖ ਸਿੰਘ ਚੰਡੀਗੜ੍ਹ ਦੀ ਸ਼੍ਰੋਮਣੀ ਪ੍ਰਬੰਧਕ ਕਮੇਟੀ ਨਾਲ ਹੋਈ, ਉਸ ਦਾ ਵੇਰਵਾ ਸ: ਮਾਨ ਸਿੰਘ ਜੀ, ਭਗਤ ਸਿੰਘ ਮਾਰਕੀਟ ਨਵੀਂ ਦਿੱਲੀ ਨੇ ਆਪਣੀ ਹਫ਼ਤਾਵਾਰੀ ਅਖ਼ਬਾਰ '**ਮਾਨਸਰੋਵਰ**' ਜਿਲਦ ਨੰਬਰ 19, 23, 24, 28 ਜੂਨ ਤੇ ਜੁਲਾਈ 1974 ਦੇ ਪਰਚੇ ਵਿੱਚ ਸਫ਼ਾ ਦੋ ਚੌਥੇ ਕਾਲਮ ਦੇ ਅੰਤਲੇ ਪੈਰ੍ਹੇ ਤੋਂ ਸ਼ੁਰੂ ਕਰ ਕੇ ਸਫ਼ਾ 6 ਦੇ ਚੌਥੇ ਕਾਲਮ ਤੱਕ ਦਿੱਤਾ ਹੈ ਜਿਸ ਦੀ ਨਕਲ ਹੇਠ ਹੈ:

**"ਕੁਝ ਵਿਚਾਰਾਂ, ਕੁਝ ਹਲੂਣੇ"**

ਸ: ਸੰਤੋਖ ਸਿੰਘ

ਚੰਡੀਗੜ੍ਹ।

**ਦਸਮ ਗ੍ਰੰਥ ਤੇ ਪਖਿਆਨ ਚਰਿਤ੍ਰ**

*ਪਿਛਲੇ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨਾਲ ਦਸਮ ਗ੍ਰੰਥ ਵਿੱਚੋਂ ਪਖਿਆਨ ਚਰਿਤ੍ਰ ਸੰਬੰਧੀ ਮੇਰਾ ਚਿੱਠੀ-ਪੱਤਰ ਹੋਇਆ ਸੀ। ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ, ਵਾਸਤੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਚਿੱਠੀ ਨੰਬਰ 36672, ਮਿਤੀ 3.8.73 ਰਾਹੀਂ ਹੇਠ ਲਿਖਿਆ ਜੁਆਬ ਆਇਆ ਸੀ।*

*'ਸ੍ਰੀ ਮਾਨ ਜੀ, ਆਪ ਜੀ ਦੀ ਪੱਤ੍ਰਕਾ ਮਿਤੀ 6.3.73 ਦੇ ਸਬੰਧ ਵਿੱਚ ਚਿੱਠੀ ਨੰਬਰ 36672, ਮਿਤੀ 3.8.1973 ਰਾਹੀਂ ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜੱਥੇਦਾਰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਰਾਏ, ਹੇਠ ਲਿਖੇ ਅਨੁਸਾਰ ਭੇਜੀ ਜਾਂਦੀ ਹੈ। ਚਰਿਤਰੋ ਪਖਿਆਨ, ਜੋ ਦਸਮ ਗ੍ਰੰਥ ਵਿੱਚ ਅੰਕਿਤ ਹਨ, ਇਹ ਸ੍ਰੀ ਦਸ਼ਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।*

*ਸ਼ੁਭਚਿੰਤਕ,*

*ਸਹੀ/ਗੁਰਬਖਸ਼ ਸਿੰਘ*

*ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ,*

*ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ।*

ਇਸ ਚਿੱਠੀ ਦੇ ਆਉਣ ਮਗਰੋਂ ਕਮੇਟੀ ਪਾਸੋਂ ਬੇਨਤੀ ਚੌਪਈ 'ਹਮਰੀ ਕਰੋ ਹਾਥ ਦੇ ਰੱਛਾ' ਜੋ ਦਸਮ ਗ੍ਰੰਥ ਦੇ ਪਖਿਆਨ ਚਰਿਤ੍ਰ ਦਾ ਹੀ ਭਾਗ ਹੈ, ਸਬੰਧੀ ਲਿਖਿਆ ਗਿਆ। ਕਮੇਟੀ ਵੱਲੋਂ ਚਿੱਠੀ ਨੰਬਰ 3754076-2 ਮਿਤੀ 13.10.73 ਰਾਹੀਂ ਜਵਾਬ ਇਹ ਸੀ:

*ਆਪ ਜੀ ਦੇ ਕ੍ਰਿਪਾ ਪੱਤਰ 10-9-73 ਦੇ ਸਬੰਧ ਵਿੱਚ ਰੀਸਰਚ ਸਕਾਲਰ ਸਾਹਿਬ, ਸ਼੍ਰੋਮਣੀ ਕਮੇਟੀ ਦੀ ਰਾਏ ਹੇਠ ਲਿਖੇ ਅਨੁਸਾਰ ਹੈ।*

*ਕਬਿਯੋ ਬਾਚ ਚੌਪਈ 'ਹਮਰੀ ਕਰੋ ਹਾਥ ਦੇ ਰੱਛਾ' ਦੇ ਸਬੰਧ ਵਿੱਚ ਡਾ. ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵਧੇਰੇ ਖੋਜ ਕੀਤੀ ਹੈ। ਇਸ ਲਈ ਆਪ ਨੇ ਜੱਗੀ ਹੋਰਾਂ ਨਾਲ ਤਬਾਦਲਾ ਖਿਆਲ ਕਰ ਲੈਣਾ।*

ਉੱਪਰਲੀਆਂ ਦੋਵੇਂ ਚਿੱਠੀਆਂ ਡਾ. ਜੱਗੀ ਨੂੰ ਭੇਜ ਕੇ ਉਨ੍ਹਾਂ ਦੇ ਵਿਚਾਰਾਂ ਲਈ ਬੇਨਤੀ ਕੀਤੀ ਗਈ। ਉਨ੍ਹਾਂ ਦਾ ਜਵਾਬ ਇਵੇਂ ਸੀ:

*"ਬੇਨਤੀ ਹੈ ਕਿ ਆਪ ਜੀ ਦੀ ਚਿੱਠੀ ਅਤੇ ਸ੍ਰੋ: ਗੁ: ਪ੍ਰ: ਕਮੇਟੀ ਦੀਆਂ ਚਿੱਠੀਆਂ ਪੜ੍ਹ ਲਈਆਂ ਹਨ। ਬੇਨਤੀ ਇਹ ਹੈ ਕਿ ਪੁਰਾਤਨ ਹੱਥ ਲਿਖਤਾਂ ਤੇ ਇਤਿਹਾਸਕ ਗ੍ਰੰਥਾਂ ਵਿੱਚ ਇਹ ਚੌਪਈ ਅੰਮ੍ਰਿਤ ਬਾਣੀ ਦੇ ਰੂਪ ਵਿੱਚ ਕਿਤੇ ਨਹੀਂ ਮਿਲਦੀ। ਪਰਾਚੀਨ ਕ੍ਰਿਤੀਆਂ ਵਿੱਚ ਭਾਵੇਂ ਅਜਿਹੇ ਸੰਕੇਤ ਮਿਲ ਜਾਂਦੇ ਹਨ। ਪ੍ਰਕਰਣ ਅਨੁਸਾਰ ਤ੍ਰਿਯਾ ਚਰਿਤ੍ਰ ਦੇ ਅੰਤ ਵਿੱਚ ਦਰਜ ਹੈ ਅਤੇ ਅੰਤਲੀ ਪੁਸ਼ਪਿਕਾ ਤੋਂ ਇਹ ਉਸੇ ਦਾ ਅੰਗ ਸਿੱਧ ਹੁੰਦੀ ਹੈ। ਇਸ ਤੋਂ ਬਾਅਦ ਪ੍ਰਸੰਗ ਵਿੱਚ ਆਏ ਸੰਕੇਤ ਵੀ ਪੂਰੀ ਤਰ੍ਹਾਂ ਚਰਿਤਰਾਂ ਨਾਲ ਹੀ ਸਬੰਧਤ ਹਨ। ਇਸ ਲਈ ਉਹ ਉਸੇ ਕਵੀ ਦੀ ਰਚਨਾ ਹੈ ਜਿਸ ਨੇ ਚਰਿਤ੍ਰ ਲਿਖੇ ਹਨ। ਜੇ ਚਰਿਤ੍ਰ ਗੁਰੂ ਜੀ ਦੇ ਲਿਖੇ ਸਿੱਧ ਨਹੀਂ ਹੁੰਦੇ ਤਾਂ ਇਸ ਦੀ ਪ੍ਰਮਾਣਕਤਾ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ ਅਤੇ ਉਸ ਹੱਦ ਤੱਕ ਉਪਸਥਿਤ ਰਹੇਗਾ ਜਦੋਂ ਤੱਕ ਕੋਈ ਠੋਸ ਪ੍ਰਮਾਣ ਨਹੀਂ ਦਿੱਤਾ ਜਾਂਦਾ ਹੈ ਕਿ ਤ੍ਰਿਯਾ ਚਰਿਤ੍ਰ ਗੁਰੂ ਰਚਿਤ ਹਨ।"*

ਸ੍ਰੋ: ਕਮੇਟੀ ਅਤੇ ਡਾ. ਰਤਨ ਸਿੰਘ ਜੱਗੀ ਸਾਹਿਬ ਨਾਲ ਹੋਏ ਉਪਰੋਕਤ ਚਿੱਠੀ-ਪੱਤਰਾਂ ਦੇ ਆਧਾਰ ਤੋਂ ਵੀ ਸਪਸ਼ਟ ਹੋਇਆ ਕਿ 'ਹਮਰੀ ਕਰੋ ਹਾਥ ਦੇ ਰਛਾ' ਵਾਲੀ ਚੌਪਈ ਦਸ਼ਮੇਸ ਕ੍ਰਿਤ ਨਹੀਂ, ਬਲਕਿ ਉਸ ਦੇਵੀ-ਉਪਾਸਕ ਕਵੀ ਦੀ ਰਚਨਾ ਹੈ ਜਿਸ ਨੇ 405ਵੇਂ ਭਾਵ ਅੰਤਲੇ

ਚਰਿਤ੍ਰ (ਮਹਾਂਕਾਲ ਵਾਲੇ) ਵਿਚਲੇ 376 ਬੰਦਾਂ ਵਿੱਚ ਨਾਟਕੀ ਢੰਗ ਨਾਲ ਆਪਣੇ ਇਸ਼ਟ ਮਹਾਕਾਲ ਦੇ ਤੇਜ-ਪ੍ਰਤਾਪ ਵਿੱਚ, **ਸਬੰਧ ਨਾਮੇ ਮੰਤ੍ਰੀ** ਦੇ ਮੂੰਹੋਂ ਦਰਸਾਉਣ ਉਪਰੰਤ 25 ਛੰਦਾਂ ਵਾਲੀ ਚੌਪਈ ਵਿੱਚ ਉਸੇ ਮਹਾਂਕਾਲ ਅੱਗੇ ਬੇਨਤੀ ਕਰਨ ਪਿੱਛੋਂ 2 ਛੰਦਾਂ ਵਿੱਚ ਜੱਗਮਾਤਾ (ਦੁਰਗਾ ਦੇਵੀ) ਅਤੇ ਅਸਿਧੁਜ (ਮਹਾਂਕਾਲ) ਦਾ ਧੰਨਵਾਦ ਕਰਨ ਅਤੇ ਚੌਪਈ ਦਾ ਮਹਾਤਮ ਦਰਸਾ ਕੇ ਅੰਤਲੀ ਪੁਸ਼ਪਿਕਾ ਅੰਦਰ ਸੰਮਤਿ ਆਦਿਕ ਦੱਸਣ ਪਿੱਛੋਂ 405 ਵੇਂ ਅੰਕ ਉੱਤੇ ਸਮਾਪਤ ਕੀਤੀ ਹੈ।

ਉਪਰਲੀ ਵਿਚਾਰ ਦੀ ਵਧੇਰੇ ਸਪਸ਼ਟਤਾ ਲਈ ਉਚਿਤ ਹੋਵੇਗਾ ਕਿ ਇਸ ਚੌਪਈ ਦਾ ਪਿਛੋਕੜ ਦਿੱਤਾ ਜਾਵੇ। ਪਿਛੋਕੜ ਇਉਂ ਹੈ:

ਸਤਯੁਗ ਵਿੱਚ ਇੱਕ ਤੇਜਸਵੀ ਰਾਜੇ ਸਤਿਸੰਧ ਉੱਤੇ ਇੱਕ ਲੰਮੀਆਂ ਦਾੜ੍ਹਾਂ ਵਾਲੇ ਦੈਂਤ ਨੇ ਹਮਲਾ ਕਰ ਦਿੱਤਾ। ਦੋਹਾਂ ਪਾਸਿਉਂ ਵੱਡੀਆਂ ਫ਼ੌਜਾਂ ਤਿਆਰ ਕੀਤੀਆਂ ਗਈਆਂ। ਫ਼ੌਜਾਂ ਦੀਆਂ ਗਿਣਤੀਆਂ ਜੋ ਦੱਸੀਆਂ ਗਈਆਂ ਹਨ ਤੇ ਹੋਰ ਤਫ਼ਸੀਲਾਂ ਨਾਟਕੀ ਢੰਗ ਦੀਆਂ ਹਨ। ਦੋਵੇਂ ਧਿਰਾਂ ਦੀਆਂ ਫ਼ੌਜਾਂ ਲੜ ਕੇ ਖ਼ਤਮ ਹੋ ਗਈਆਂ। ਰਣਭੂਮੀ ਦੀ ਅਗਨੀ 'ਚੋਂ ਇੱਕ ਦੇਵੀ ਪੈਦਾ ਹੋਈ ਜਿਸ ਲਈ ਆਮ ਇਨਸਾਨ ਬਤੌਰ ਵਰ ਯੋਗ ਨਹੀਂ ਸੀ। ਦੇਵੀ ਨੇ ਜੰਤ੍ਰਾਂ-ਮੰਤ੍ਰਾਂ ਰਾਹੀਂ ਪਾਰਬਤੀ ਨੂੰ ਪ੍ਰਸੰਨ ਕੀਤਾ। ਉਸ ਨੇ ਸਲਾਹ ਦਿੱਤੀ ਕਿ ਉਹ ਮਹਾਂਕਾਲ ਦਾ ਧਿਆਨ ਧਰੇ। ਮਹਾਂਕਾਲ ਵੱਲੋਂ ਆਕਾਸ਼ਬਾਣੀ ਹੋਈ ਕਿ ਉਹ **ਸ੍ਵਾਸ ਬੀਰਜ** (ਇੱਕ ਦੈਂਤ) ਨੂੰ ਮਾਰਨ ਪਿਛੋਂ ਉਸ ਨੂੰ (ਦੇਵੀ ਨੂੰ) ਵਰੇਗਾ। ਦੇਵੀ ਤੇ ਮਹਾਂਕਾਲ ਸ੍ਵਾਸ ਬੀਰਜ ਨਾਲ ਲੜਦੇ ਹਨ। ਇਹ ਜੰਗ ਬਹੁਤ ਭਿਆਨਕ ਤੇ ਬੇਅੰਤਤਾ ਦੀਆਂ ਛੁਹਾਂ ਨਾਲ ਭਰਪੂਰ ਹੈ। ਸਾਰਾ ਬਿਆਨ ਅਣਹੋਣਾ ਜਾਪਦਾ ਹੈ, ਝੂਠ ਦੇ ਪੁਲੰਦੇ ਹਨ। ਲਿਖਿਆ ਹੈ ਘੋੜਿਆਂ ਦੇ ਸੁੰਮਾਂ ਦੇ ਟਕਰਾਉ ਨਾਲ ਛੇ ਪਾਤਾਲ ਨਸ਼ਟ ਹੋਏ, ਸੱਤ ਆਕਾਸ਼ਾਂ ਤੋਂ 13 ਆਕਾਸ਼ ਹੋ ਗਏ। ਆਖ਼ਰ ਦੈਂਤ ਨੂੰ ਮਹਾਂਕਾਲ ਨੇ ਮਾਰ ਦਿੱਤਾ। ਸਭ ਨੇ ਵਧਾਈ ਦਿੱਤੀ।

ਇਹ ਵੀ ਲਿਖਿਆ ਹੈ ਕਿ ਸ੍ਵਾਸ ਬੀਰਜ ਦੇ ਮਾਰਨ ਤੋਂ ਪਹਿਲਾਂ ਮੂੰਹ ਵਿੱਚ ਅੱਗ ਉਗਲੀ ਜਿਸ ਤੋਂ ਪਠਾਣ ਪੈਦਾ ਹੋਏ। ਮੂੰਹੋਂ ਹਵਾੜ ਕੱਢੀ ਤਾਂ ਮੁਗ਼ਲ ਪੈਦਾ ਹੋਏ। ਮੂੰਹ ਰਾਹੀਂ ਸ੍ਵਾਸ ਕੱਢੇ ਤਾਂ ਸ਼ੇਖ ਤੇ ਸੱਯਦ ਪੈਦਾ ਹੋਏ। ਇਹਨਾਂ ਦੇ ਨਾਂ ਵੀ ਦਿੱਤੇ ਹਨ। ਜੋ ਮਹਾਂਕਾਲ ਨਾਲ ਲੜਨ ਆਏ ਤੇ ਸਭ ਮਹਾਂਕਾਲ ਨੇ ਮਾਰ ਦਿੱਤੇ। ਵਿਚਾਰ ਗੋਚਰੇ: ਲੜਾਈ ਸਤਯੁਗ ਦੀ ਹੈ ਤੇ ਪਠਾਣ, ਮੁਗਲ, ਸੱਯਦ ਤਾਂ ਕਲਯੁਗ ਵਿੱਚ ਹੋਏ। ਇਸ ਚਰਿਤ੍ਰ ਦਾ ਲੇਖਕ ਕਵੀ ਸਾਕਤ ਅਨਮਤੀ ਹੈ ਅਤੇ ਆਪਣੇ ਇਸ਼ਟ ਮਹਾਂਕਾਲ ਤੇ ਦੇਵੀ ਦੀ ਉਪਮਾ ਕਰਦਾ ਹੈ ਤੇ ਇਹ ਚੌਪਈ ਰਚਦਾ ਹੈ ਤੇ ਇਸ ਚੌਪਈ ਦੇ ਗੁਣ ਵੀ ਗਾਉਂਦਾ ਹੈ।

ਇਸ ਚੌਪਈ ਵਿੱਚ ਗੁਰਮਤਿ ਵਿਰੁੱਧ ਇਹ ਸਤਰਾਂ ਹਨ:-

1. ਹਮਰੇ ਦੁਸ਼ਟ ਸਭੇ ਤੁਮ ਘਾਵਹੁ। (378)
2. ਸਭ ਬੈਰਨ ਕੋ ਆਜ ਸੰਘਰੀਐ। (379)
3. ਚੁਨ ਚੁਨ ਸਤ੍ਰ ਹਮਾਰੇ ਮਾਰੀਅਹਿ। (380)
4. ਸਿਖ ਉਬਾਰਿ ਅਸਿਖ ਸੰਘਰੇ। (397)

**ਅੰਤਮ ਨਿਰਣਾ**: ਉੱਪਰਲੀ ਵਿਚਾਰ ਦਾ ਸਿੱਟਾ ਇਹ ਹੈ ਕਿ ਇਹ ਚੌਪਈ ਤ੍ਰਿਯਾ ਚਰਿਤ੍ਰ 405 ਦਾ ਅਨਿੱਖੜਵਾਂ ਅੰਗ ਹੈ। ਚਰਿਤ੍ਰ ਦੀ ਕਹਾਣੀ ਮਿਥਿਹਾਸਕ, ਅਣਹੋਣੀ ਕਹਾਣੀ ਹੈ ਤੇ ਇਹ ਚੌਪਈ ਤਾਂਤ੍ਰਿਕ ਸਾਕਤ ਕਵੀ ਦੇ ਆਪਣੇ ਇਸ਼ਟ 'ਮਹਾਂਕਾਲ' ਦੀ ਸਿਫ਼ਤ-ਸਲਾਹ ਹੈ। ਸੋ, ਇਹ ਗੁਰਮਤਿ ਵਿਰੁੱਧ ਹੈ ਤੇ ਦਸਮ ਪਾਤਸ਼ਾਹ ਦੀ ਕ੍ਰਿਤ ਨਹੀਂ ਹੋ ਸਕਦੀ। ਕਿਉਂਕਿ ਇਹ ਦਸਮ ਗੁਰਾਂ ਦੀ ਬਾਣੀ ਨਹੀਂ ਹੈ ਇਸ ਕਰਕੇ:

1. ਇਸ ਚੌਪਈ ਦਾ ਰਹਿਰਾਸ ਸਾਹਿਬ ਨਾਲ, ਜੋ ਸ਼ਾਮ ਦੀ ਪਵਿੱਤਰ ਬਾਣੀ ਹੈ, ਨਾਲ ਜੋੜ ਕੇ ਪੜ੍ਹਨਾ ਮਨਮਤ ਹੈ। ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੂੰ ਯੋਗ ਕਦਮ ਉਠਾਣੇ ਚਾਹੀਦੇ ਹਨ ਕਿ ਸਾਕਤ ਕਵੀ ਦੀ ਕ੍ਰਿਤ ਨੂੰ ਗੁਰਬਾਣੀ ਨਾਲ ਰਲਾਇਆ ਨ ਜਾਵੇ।
2. ਚੂੰਕਿ ਦਸਮ ਗੁਰਾਂ ਦੀ ਇਹ ਬਾਣੀ ਨਹੀਂ ਹੈ, ਇਸ ਲਈ ਇਹ ਖੰਡੇ-ਬਾਟੇ ਦੀ ਪਾਹੁਲ ਦੀਆਂ ਬਾਣੀਆਂ 'ਚੋਂ ਕੱਢ ਦੇਣੀ ਚਾਹੀਦੀ ਹੈ। ਇਸ ਦੀ ਥਾਂ ਦਸਮ ਗੁਰਾਂ ਦੀ ਅਸਲ ਚੌਪਈ 'ਪ੍ਰਣਵੋ ਆਦਿ ਏਕੰਕਾਰਾ, ਜਲ ਥਲ ਮਹੀਅਲਿ ਕੀਓ ਪਾਸਾਰਾ' ਸ਼ਾਮਲ ਕਰ ਦਿੱਤੀ ਜਾਵੇ। ਜਾਂ ਪੰਥ ਫ਼ੈਸਲਾ ਕਰੇ ਕਿ ਕੇਵਲ 'ਜਪੁਜੀ' ਸਾਹਿਬ, ਇੱਕੋ ਬਾਣੀ ਦਾ, ਪਾਠ ਹੋਵੇ ਜੋ ਪੰਜ ਪਿਆਰੇ ਇੱਕੋ ਵੇਰ ਪੜ੍ਹਨ। ਬਾਣੀਆਂ ਬਾਰੇ ਪੰਥ ਵਿਚਾਰ ਕਰੇ।

**ਜ਼ਰੂਰੀ ਨੋਟ**: ਸ: ਸੰਤੋਖ ਸਿੰਘ ਚੰਡੀਗੜ੍ਹ ਨੂੰ ਜੋ ਚਿੱਠੀ ਮੀਤ ਸਕੱਤਰ ਗੁਰਬਖਸ਼ ਸਿੰਘ, ਧਰਮ ਪ੍ਰਚਾਰ ਕਮੇਟੀ, ਵੱਲੋਂ ਚਿੱਠੀ ਨੰਬਰ 36672, ਮਿਤੀ 3-8-73 ਦਵਾਰਾ ਚਰਿਤਰੋ ਪਖਯਾਨ ਬਾਰੇ ਅਕਾਲ ਤਖ਼ਤ ਦੇ ਮੁੱਖ ਸੇਵਕ ਦੀ ਰਾਇ ਲਿਖ ਕੇ ਭੇਜੀ, ਉਹ ਹੈ ਚਰਿਤ੍ਰੋ ਪਖਿਆਨ ਜੋ ਦਸਮ ਗ੍ਰੰਥ ਵਿੱਚ ਅੰਕਿਤ ਹੈ। ਇਹ ਸ੍ਰੀ ਦਸਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਇਹ ਰਾਇ ਸਿੰਘ ਸਾਹਿਬਾਨ ਦੀ ਗ਼ਲਤ ਤਾਂ ਨਹੀਂ ਪਰ ਅਧੂਰੀ ਹੈ ਕਿਉਂਕਿ ਜਾਪਦਾ ਹੈ ਕਿ ਉਨ੍ਹਾਂ ਚਰਿਤਰ ਪਖਯਾਨ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ। ਚਰਿਤਰੋ ਪਖਯਾਨ ਕੇਵਲ ਪੁਰਾਣਿਕ, ਮਿਥਿਹਾਸਕ ਹੀ ਨਹੀਂ ਹਨ ਸਗੋਂ ਹੋਰ ਅਸ਼ਲੀਲ ਕਥਾਵਾਂ, ਲੋਕ-ਕਿੱਸੇ ਤੇ ਇਸ਼ਕ ਕਹਾਣੀਆਂ ਤੇ ਹੋਰ ਮਨਘੜੰਤ ਕਥਾਵਾਂ ਦਾ ਵੀ ਸੰਗ੍ਰਹਿ ਹੈ। ਸੋਹਣੀ ਮਹੀਵਾਲ, ਹੀਰ

ਰਾਂਝਾ ਦੀਆਂ ਕਥਾਵਾਂ ਹਨ ਤੇ ਫਿਰ ਕਈ ਕਹਾਣੀਆਂ ਬਾਦਸ਼ਾਹ ਅਕਬਰ, ਜਹਾਂਗੀਰ ਨਾਲ ਵੀ ਜੁੜੀਆਂ ਅੰਕਿਤ ਹਨ। ਭਾਵ ਇਹ ਹੈ ਕਿ ਜੋ ਵੀ ਅਸ਼ਲੀਲ ਸਮਗਰੀ ਮਿਲੀ ਉਸ ਦੀ ਕਿਤਾਬ ਰਚ ਦਿੱਤੀ ਤੇ ਸਿੱਖ ਪੰਥ ਨੂੰ ਬਦਨਾਮ ਕਰਨ ਹਿਤ ਦਸਮ ਗੁਰਾਂ ਦੀ ਕ੍ਰਿਤ ਦਾ ਸੰਕੇਤ ਦੇ ਕੇ ਮਹਾਂ ਪਾਪ ਦੇ ਭਾਗੀ ਹੋਏ। ਪਤਾ ਨਹੀਂ ਕਿਉਂ ਭੋਲੇ ਭਾਲੇ ਕਈ ਸਿੱਖ ਇਸ ਨੂੰ ਦਸਮ ਗੁਰੂ ਦੀ ਕ੍ਰਿਤ ਮੰਨਦੇ ਹਨ ਤੇ ਕਈ ਗੁਰਬਾਣੀ ਦੇ ਵਿਦਵਾਨ ਸੱਜਣ, ਜਿਨ੍ਹਾਂ ਵਿੱਚ ਡਾਕਟਰ ਤਾਰਨ ਸਿੰਘ ਵੀ ਹਨ, ਭੁਲੇਖਿਆਂ ਵਿੱਚ ਗਲਤਾਨ ਹੋਏ ਚਰਿਤਰੋ ਪਖਿਆਨ ਨੂੰ ਗੁਰੂ ਕ੍ਰਿਤ ਮੰਨਦੇ ਹਨ।

## 3. ਗੁਰਮਤਿ ਜਾਂ ਮਨਮਤਿ ?

*ਦਲਬੀਰ ਸਿੰਘ (ਵਾਇਸ ਪ੍ਰੈਸੀਡੈਂਟ),*
*ਹਰਜੀਤ ਸਿੰਘ (ਜਨਰਲ ਸਕੱਤਰ) ਅਤੇ*
*ਸਮੂੰਹ ਮੈਂਬਰ, ਸਿੱਖ ਫ਼ੋਰਮ, ਕੋਲਕਤਾ।*

*[ ਮਾਨਯੋਗ ਸੰਪਾਦਕ ਜੀ, ਅਸੀਂ ਆਪ ਜੀ ਪਾਸ ਪੱਤਰ ਨਾਲ ਇੱਕ ਲੇਖ ਭੇਜ ਰਹੇ ਹਾਂ ਜਿਸ ਦਾ ਸਿਰਲੇਖ ਹੈ '**ਗੁਰਮਤਿ ਜਾਂ ਮਨਮਤਿ ?**' ਇਹ ਲੇਖ ਪਿੱਛਲੇ ਦਿਨੀ ਕਲਕੱਤੇ ਵਿਖੇ ਮਨਾਏ ਗਏ ਗੁਰਪੁਰਬਾਂ (ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ) ਦੌਰਾਨ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ ਦੇ ਜਥੇਦਾਰ (ਮੁੱਖ ਸੇਵਾਦਾਰ) ਵੱਲੋਂ ਕੀਤੀਆਂ ਵੀਚਾਰਾਂ ਤੇ ਅਧਾਰਤ ਹੈ ਜਿਸ ਨੇ ਸਿੱਖ ਸੰਗਤਾਂ ਦੇ ਮਨਾ ਵਿੱਚ ਬਹੁਤ ਸਾਰੇ ਭੁੱਲੇਖੇ ਪੈਦਾ ਕੀਤੇ। ਸੋ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਇਸ ਲੇਖ ਨੂੰ ਆਪਣੀ ਪੱਤ੍ਰਕਾ ਵਿੱਚ ਛਾਪ ਕੇ ਗੁਰਮਤਿ ਅਤੇ ਗੁਰ ਇਤਿਹਾਸ ਨੂੰ ਸਹੀ ਅਰਥਾਂ ਵਿੱਚ ਪੇਸ਼ ਕਰਨ ਵਿੱਚ ਸਹਾਈ ਹੋਣਾ ਜੀ। ਅਸੀਂ ਆਪ ਜੀ ਦੇ ਸਹਿਯੋਗ ਲਈ ਅਤਿ ਧੰਨਵਾਦੀ ਹੋਵਾਗੇਂ।]*

ਪਿਛਲੇ ਦਿਨੀਂ ਕਲਕੱਤੇ ਦੀਆਂ ਸਿੱਖ ਸੰਗਤਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਿਤੀ 24 ਅਪ੍ਰੈਲ ਅਤੇ 2 ਮਈ 2004 ਨੂੰ ਸ਼ਰਧਾ ਸਹਿਤ ਮਨਾਇਆ ਗਿਆ। ਇਹਨਾਂ ਪ੍ਰੋਗਰਾਮਾਂ ਦੌਰਾਨ ਵੱਖ-ਵੱਖ ਸਕੂਲਾਂ ਦੇ ਸਿੱਖ ਵਿਦਿਆਰਥੀਆਂ ਨੇ ਹਿੱਸਾ ਲਿਆ। ਸਿੱਖ ਫ਼ੋਰਮ ਨੇ ਇਹਨਾਂ ਦੋਨਾਂ ਹੀ ਪ੍ਰੋਗਰਾਮਾਂ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਦਿਵਸ ਇਤਿਹਾਸਕ ਗੁਰਦੁਆਰਾ ਬੜਾ ਸਿੱਖ ਸੰਗਤ ਵਿਖੇ ਮਨਾਇਆ ਗਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਗਮਨ ਪੁਰਬ ਗੁਰਦੁਆਰਾ ਡਨਲਪ ਸਿੱਖ ਸੰਗਤ ਦੀ ਨਵੀਂ ਬਣੀ ਸ਼ਾਨਦਾਰ ਇਮਾਰਤ ਵਿਖੇ ਬਹੁਤ ਹੀ ਪ੍ਰੇਮ ਅਤੇ ਸ਼ਰਧਾ ਸਹਿਤ ਮਨਾਇਆ ਗਿਆ। ਇਹਨਾਂ ਦੋਨਾਂ ਹੀ ਪ੍ਰੋਗਰਾਮਾਂ 'ਤੇ ਖਾਸ ਸੱਦੇ-ਪੱਤਰ 'ਤੇ ਪਹੁੰਚੇ ਸਿੰਘ ਸਾਹਿਬ ਭਾਈ ਇਕਬਾਲ ਸਿੰਘ ਜੀ, ਜਥੇਦਾਰ (ਮੁੱਖ ਸੇਵਾਦਾਰ) ਤਖ਼ਤ ਸ੍ਰੀ ਹਰਮੰਦਰ ਸਾਹਿਬ, ਪਟਨਾ ਸਾਹਿਬ ਨੇ ਆਪਣੇ ਵਿਚਾਰ ਸਿੱਖ ਸੰਗਤਾਂ ਨਾਲ ਸਾਂਝੇ ਕੀਤੇ। ਸਿੰਘ ਸਾਹਿਬ ਵੱਲੋਂ ਸਿੱਖ ਇਤਿਹਾਸ ਅਤੇ ਗੁਰਮਤਿ ਵੀਚਾਰਾਂ ਕਰਦਿਆਂ ਬਹੁਤ ਸਾਰੇ ਕਾਲਪਨਿਕ ਅਤੇ ਮਿਥਿਹਾਸਕ ਤੱਥਾਂ ਦਾ ਹਵਾਲਾ ਦਿੱਤਾ ਗਿਆ ਜਿਸ ਨਾਲ ਸਿੱਖ ਸੰਗਤਾਂ ਨੂੰ ਬਜਾਏ ਗੁਰਮਤਿ ਦੀ ਸੇਧ ਮਿਲਣ ਦੇ ਮਨਮਤਿ ਹੀ ਪ੍ਰਾਪਤ ਹੋਇਆ ਹੈ। ਅਸੀਂ ਆਪ ਜੀ ਦੀ ਜਾਣਕਾਰੀ ਲਈ ਉਹ ਸਾਰੇ ਵਿਚਾਰ ਲਿਖ ਰਹੇ ਹਾਂ।

ਭਾਈ ਇਕਬਾਲ ਸਿੰਘ ਜੀ ਦੇ ਕਹਿਣ ਅਨੁਸਾਰ ਪਹਿਲਾ ਤਖ਼ਤ ਸ੍ਰੀ ਹਰਮੰਦਰ ਸਾਹਿਬ, ਪਟਨਾ ਸਾਹਿਬ ਹੈ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ। ਅਕਾਲ ਤਖ਼ਤ ਦਾ ਪਹਿਲਾ ਨਾਂ ਅਕਾਲ ਬੁੰਗਾ ਸੀ ਅਤੇ ਸਿੱਖਾਂ ਦੀ ਅਬਾਦੀ ਪੰਜਾਬ ਵਿੱਚ ਜ਼ਿਆਦਾ ਹੋਣ ਕਰਕੇ ਅਕਾਲ ਬੁੰਗਾ ਦਾ ਨਾਂ ਬਦਲ ਕੇ ਸ੍ਰੀ ਅਕਾਲ ਤਖਤ ਸਾਹਿਬ ਰੱਖਿਆ ਗਿਆ (ਜਦਕਿ ਸੱਚਾਈ ਇਹ ਹੈ ਕਿ ਅਕਾਲ ਤਖ਼ਤ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਸੰਨ 1609 ਈਸਵੀ ਵਿੱਚ ਰਖਵਾਈ ਸੀ ਅਤੇ ਨਾਲ ਹੀ ਪੀਰੀ-ਮੀਰੀ ਦਾ ਸੰਕਲਪ ਦ੍ਰਿੜ ਕਰਵਾਇਆ ਅਤੇ ਉਸ ਵੇਲੇ ਤਾਂ ਪਟਨਾ ਸਾਹਿਬ ਦਾ ਇਤਿਹਾਸ ਰਚਿਆ ਵੀ ਨਹੀ ਸੀ ਗਿਆ)।

ਭਾਈ ਇਕਬਾਲ ਸਿੰਘ ਜੀ ਦੀ ਵਿਲੱਖਣ ਖੋਜ ਅਨੁਸਾਰ ਖ਼ਾਲਸੇ ਦਾ ਜਨਮ ਸਥਾਨ ਪਟਨਾ ਸਾਹਿਬ ਹੈ ਸ੍ਰੀ ਅਨੰਦਪੁਰ ਸਾਹਿਬ (ਕੇਸਗੜ੍ਹ ਸਾਹਿਬ) ਨਹੀਂ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪ੍ਰਗਟ ਕੀਤਾ, ਦਾ ਜਨਮ ਅਸਥਾਨ ਪਟਨਾ ਸਾਹਿਬ ਹੈ (ਜੇਕਰ ਇਸ ਦਲੀਲ ਨੂੰ ਮੰਨ ਲਿਆ ਜਾਵੇ ਤਾਂ ਫੇਰ ਖਾਲਸੇ ਦਾ ਜਨਮ ਸਥਾਨ ਰਾਏ ਭੋਏ ਦੀ ਤਲਵੰਡੀ (ਨਨਕਾਣਾ ਸਾਹਿਬ) ਨੂੰ ਹੀ ਕਹਿਣਾ ਚਾਹੀਦਾ ਹੈ ਕਿਉਂ ਕਿ ਸਿੱਖ ਪੰਥ ਦੇ ਮੋਢੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਅਤੇ ਹਰੇਕ ਪਾਤਸ਼ਾਹੀ ਦੀ ਵਿਚਾਰਧਾਰਾ ਵੀ ਇੱਕੋ ਹੀ ਹੈ: "ਇਕਾ ਬਾਣੀ ਇਕ ਗੁਰੁ ਇਕੋ ਸ਼ਬਦ ਵੀਚਾਰਿ॥"

ਇਹ ਵੀ ਕਿਹਾ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤਸਵੀਰ ਆਪ ਹਰਮੰਦਰ ਸਾਹਿਬ, ਪਟਨਾ ਸਾਹਿਬ ਭੇਜੀ ਸੀ ਜੋ ਕਿ ਤਖ਼ਤ ਸ੍ਰੀ ਹਰਮੰਦਰ ਸਾਹਿਬ, ਪਟਨਾ ਸਾਹਿਬ ਵਿਖੇ ਅੱਜ ਵੀ ਮੌਜੂਦ ਹੈ। ਹੁਣ ਸਵਾਲ ਇਹ ਹੈ ਕਿ ਜੋ ਗੁਰੂ ਸਾਹਿਬ ਆਪਣੀ ਬਾਣੀ ਰਾਹੀ ਸਾਨੂੰ ਬੁੱਤ, ਮੜ੍ਹੀ ਅਦਿ ਦੀ ਪੂਜਾ ਕਰਨ ਤੋਂ ਵਰਜਦੇ ਹਨ (ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ) ਕੀ ਉਹ ਆਪਣੀ ਤਸਵੀਰ ਨੂੰ ਇਤਨੀ ਮਹੱਤਤਾ ਦੇ ਸਕਦੇ ਹਨ ਕਿ ਉਸ ਤਸਵੀਰ ਨੂੰ ਸਿੱਖ ਸੰਗਤਾਂ ਨੂੰ ਭੇਟ ਕੀਤਾ ਜਾਵੇ ? ਜਦਕਿ ਦਸ਼ਮੇਸ਼ ਜੀ ਦੀ ਸੇਧ ਤਾਂ ਸਾਨੂੰ "ਪੂਜਾ ਅਕਾਲ

ਕੀ, ਪਰਚਾ ਸ਼ਬਦ ਕਾ ਅਤੇ ਦੀਦਾਰ ਖਾਲਸੇ ਕਾ" ਕਰਨ ਲਈ ਪ੍ਰੇਰਦੀ ਹੈ।

ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਦਿਵਸ ਦੇ ਮੌਕੇ 'ਤੇ ਆਪ ਜੀ ਨੇ ਵਿਚਾਰਾਂ ਦੀ ਅਰੰਭਤਾ ਵਿੱਚ ਮੂਲ ਮੰਤਰ ਦੀ ਸੰਖੇਪ ਵਿਆਖਿਆ ਕਰਦਿਆਂ ਕਿਹਾ ਕਿ ਦਸੇ ਪਾਤਸ਼ਾਹੀਆਂ ਹੀ ਅਕਾਲ ਪੁਰਖ ਹਨ। ਦਸਾਂ ਪਾਤਸ਼ਾਹੀਆਂ ਨੇ ਤਾਂ ਸ਼ਬਦ ਰਾਹੀਂ (ਗੁਰਬਾਣੀ) ਪਰਮਾਤਮਾ ਨੂੰ ਮਿਲਣ ਦਾ ਮਾਰਗ ਦਰਸ਼ਨ ਕਰਵਾਇਆ ਹੈ; ਆਪਣੇ-ਆਪ ਨੂੰ ਤਾਂ ਦਾਸ, ਗਰੀਬ, ਮਸਕੀਨ, ਜਾਚਕ, ਚਾਕਰ ਆਦਿ ਸ਼ਬਦਾਂ ਨਾਲ ਸੰਬੋਧਤ ਕੀਤਾ ਹੈ।

ਸੰਗਤਾਂ ਅੱਗੇ ਆਪਣੇ ਵਿਚਾਰ ਰੱਖਦਿਆਂ ਭਾਈ ਇਕਬਾਲ ਸਿੰਘ ਜੀ ਨੇ ਕਿਹਾ ਕੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਤਾ ਗੱਦੀ ਪ੍ਰਾਪਤ ਕਰਨ ਸਮੇਂ ਬਚਨ ਕੀਤੇ ਕਿ ਜਦ ਤੱਕ ਗੁਰਿਆਈ ਆਪ ਜੀ ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਰਹੇਗੀ ਗੋਇੰਦਵਾਲ ਵਿਖੇ ਜਮ ਨਹੀਂ ਆਵੇਗਾ। ਗੁਰੂ ਜੀ ਤਕਰੀਬਨ 25 ਸਾਲ (1581-1606) ਤੱਕ ਗੁਰਤਾ ਗੱਦੀ ਦੇ ਵਾਰਿਸ ਰਹੇ ਅਤੇ ਇਸ ਦੌਰਾਨ ਗੋਇੰਦਵਾਲ ਵਿਖੇ ਜਮ ਕਦੇ ਵੀ ਪ੍ਰਵੇਸ਼ ਨਹੀਂ ਹੋਇਆ ਭਾਵ ਕਿਸੇ ਦੀ ਮੌਤ ਨਹੀਂ ਹੋਈ (ਕੀ ਗੁਰੂ ਜੀ ਇਸ ਤਰ੍ਹਾਂ ਦੀ ਕਰਾਮਾਤ ਕਰ ਸਕਦੇ ਸਨ ਜੋ ਕਿ ਗੁਰਮਤਿ ਅਨੁਸਾਰ ਪ੍ਰਵਾਨ ਨਹੀਂ ਹੈ ਅਤੇ ਫੇਰ ਗੁਰੂ ਜੀ ਨੇ ਤਾਂ ਤੱਤੀ ਤਵੀ 'ਤੇ ਬੈਠਣ ਸਮੇਂ ਵੀ ਕੋਈ ਕਰਾਮਾਤ ਨਹੀਂ ਵਿਖਾਈ ਸਗੋਂ ਬਚਨ ਕੀਤੇ ਸਨ: "ਤੇਰਾ ਕੀਆ ਮੀਠਾ ਲਾਗੈ ,ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ" ਅਤੇ ਜਨਮ ਮਰਨ ਤਾਂ ਅਕਾਲ ਪੁਰਖ ਦਾ ਹੁਕਮ ਹੈ ("ਸੇਈ ਭਗਤ ਜਿ ਸਾਚੇ ਭਾਣੇ, ਜਮਕਾਲ ਤੇ ਭਏ ਨਿਕਾਣੇ")। ਉਸ ਦੇ ਹੁਕਮ ਵਿੱਚ ਰਹਿਣਾ ਹੀ ਤਾਂ ਗੁਰਮਤਿ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵੀ ਸ਼ਹੀਦ ਕਰਨ ਤੋਂ ਪਹਿਲਾਂ ਕਰਾਮਾਤ ਵਿਖਾਉਣ ਲਈ ਕਿਹਾ ਗਿਆ ਸੀ ਪਰ ਗੁਰੂ ਜੀ ਨੇ ਕੋਈ ਕਰਾਮਾਤ ਵਿਖਾਉਣ ਤੋਂ ਇਨਕਾਰ ਕੀਤਾ ਅਤੇ ਅਕਾਲ ਪੁਰਖ ਦੇ ਭਾਣੇ ਅਨੁਸਾਰ ਸ਼ਹਾਦਤ ਪ੍ਰਾਪਤ ਕੀਤੀ।

ਭਾਈ ਇਕਬਾਲ ਸਿੰਘ ਜੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਵਾਲੀ ਥਾਂ 'ਤੇ ਅਨੰਦਪੁਰ ਸਾਹਿਬ ਵਸਾਇਆ ਜਿੱਥੇ ਮਾਖੋ ਨਾਂ ਦਾ ਇੱਕ ਦੈਂਤ ਰਹਿੰਦਾ ਸੀ। ਗੁਰੂ ਜੀ ਨੇ ਪਹਿਲਾਂ ਉਸ ਦੈਂਤ ਦਾ ਵਧ ਕੀਤਾ ਅਤੇ ਫੇਰ ਨਗਰ ਵਸਾਇਆ। (ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਨਾਂ ਦੇ ਪਿੰਡ ਦੀ ਜ਼ਮੀਨ ਖ਼ਰੀਦ ਕੇ ਪਹਿਲਾ ਨਾਂ ਚੱਕ ਨਾਨਕੀ ਰੱਖਿਆ ਅਤੇ ਫੇਰ ਇੱਕ ਨਗਰ ਵਸਾਇਆ ਜਿਸ ਦਾ ਨਾਂ ਅਨੰਦਪੁਰ ਸਾਹਿਬ ਰੱਖਿਆ ਪਰ ਦੈਂਤ ਨੂੰ ਮਾਰਨ ਵਾਲੀ ਗੱਲ ਤਾਂ ਇਸ ਤਰ੍ਹਾਂ ਜਾਪਦੀ ਹੈ ਜਿਸ ਤਰ੍ਹਾਂ ਕੋਈ ਹਿੰਦੂ ਮੱਤ ਅਨੁਸਾਰ ਕਾਲਪਨਿਕ ਅਤੇ ਮਿਥਿਹਾਸਕ ਗਾਥਾ ਸੁਣਾ ਰਿਹਾ ਹੋਵੇ। ਵੈਸੇ ਵੀ ਗੁਰਮਤਿ ਯਥਾਰਥ ਦਾ ਨਾਂ ਹੈ, ਮਿਥਿਹਾਸ ਦਾ ਨਹੀਂ।

ਸਭ ਤੋਂ ਹੈਰਤ ਵਾਲੀ ਗੱਲ ਤਾਂ ਉਦੋਂ ਹੋਈ ਜਦ ਆਪ ਜੀ ਨੇ ਕੁਝ ਸਿੱਖ ਵਿਦਵਾਨਾਂ, ਲਿਖਾਰੀਆਂ ਅਤੇ ਇੱਕ ਪੰਥਕ ਰਸਾਲੇ ਨੂੰ ਆਪਣੀ ਸੋਚ ਦਾ ਨਿਸ਼ਾਨਾ ਬਣਾਉਂਦੇ ਹੋਏ ਪੰਥ ਦੀ ਇੱਕ ਬਹੁਤ ਹੀ ਜ਼ਿੰਮੇਵਾਰ ਅਤੇ ਭਰੋਸੇਯੋਗ ਸੰਸਥਾ (ਸਿੱਖ ਮਿਸ਼ਨਰੀਆਂ) ਨੂੰ ਪੰਥ-ਵਿਰੋਧੀ ਕਰਾਰ ਦਿੱਤਾ ਅਤੇ ਸੰਗਤਾਂ ਨੂੰ ਉਨ੍ਹਾਂ ਤੋਂ ਸਾਵਧਾਨ ਰਹਿਣ ਲਈ ਕਿਹਾ ਜਦਕਿ ਮਿਸ਼ਨਰੀ ਵੀਰ/ਭੈਣਾਂ ਬੜੀ ਹੀ ਨਿਸ਼ਠਾ ਅਤੇ ਲਗਨ ਨਾਲ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਲੱਗੇ ਹੋਏ ਹਨ ਅਤੇ ਇਹ ਉਹਨਾਂ ਦੀ ਗੁਰਮਤਿ ਪ੍ਰਤੀ ਪ੍ਰੇਮ ਅਤੇ ਦ੍ਰਿੜ੍ਹਤਾ ਦਾ ਹੀ ਨਤੀਜਾ ਹੈ ਕਿ ਪੰਜਾਬ ਦੇ ਪਿੰਡਾਂ/ਸ਼ਹਿਰਾਂ ਵਿੱਚ ਸਿੱਖੀ ਹੁਣ ਤੱਕ ਕਾਇਮ ਹੈ।

ਉਪਰੋਕਤ ਸਾਰਿਆਂ ਵਿਚਾਰਾਂ ਨੂੰ ਸੁਣਨ ਤੋਂ ਬਾਅਦ ਇਹ ਗੱਲ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਕੀ ਕਾਰਣ ਹੈ ਕਿ ਸਿੱਖ ਕੌਮ ਇਤਨੀ ਤੇਜ਼ੀ ਨਾਲ ਬਿਪਰਨ ਰੀਤੀ-ਰਿਵਾਜਾਂ ਦੀ ਧਾਰਨੀ ਹੁੰਦੀ ਜਾ ਰਹੀ ਹੈ ਅਤੇ ਸਾਡੀ ਨੌਜਵਾਨ ਪੀੜ੍ਹੀ ਪਤਿਤਪੁਣੇ ਦਾ ਸ਼ਿਕਾਰ ਹੋ ਰਹੀ ਹੈ। ਜਿੰਨਾਂ ਚਿਰ ਤੱਕ ਅਸੀਂ ਆਪਣੀ ਨਵੀਂ ਪਨੀਰੀ ਨੂੰ ਗੁਰਮਤਿ, ਗੁਰਬਾਣੀ ਅਤੇ ਸਾਡੇ ਗੌਰਵਮਈ ਇਤਿਹਾਸ ਦੀ ਸਹੀ ਅਰਥਾਂ ਵਿੱਚ ਜਾਣਕਾਰੀ ਨਹੀਂ ਦੇਵਾਂਗੇ ਉਹ ਇਸ ਤਰ੍ਹਾਂ ਦੇ ਮਿਥਿਹਾਸ ਨਾਲ ਹੀ ਜੁੜੇ ਰਹਿਣਗੇ। ਖ਼ਾਸ ਕਰਕੇ ਇੱਕ ਤਖ਼ਤ ਦੇ ਮੁੱਖ ਸੇਵਾਦਾਰ ਨੂੰ ਤਾਂ ਘੱਟੋ-ਘੱਟ ਸਿੱਖ ਇਤਿਹਾਸ ਅਤੇ ਗੁਰਮਤਿ ਦੀ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ। ਸਾਰਾ ਪੰਥ ਪੰਜੇ ਤਖ਼ਤਾਂ ਵੱਲ ਆਦਰ ਅਤੇ ਸਤਿਕਾਰ ਨਾਲ ਵੇਖਦਾ ਅਤੇ ਇਹ ਉਮੀਦ ਰੱਖਦਾ ਹੈ ਕਿ ਸਾਡੇ ਧਾਰਮਕ ਆਗੂ ਪੰਥ ਨੂੰ ਗੁਰਮਤਿ ਅਨੁਸਾਰ ਸੇਧ ਦੇਣਗੇ ਪਰ ਇਹ ਸਭ ਵੇਖ-ਸੁਣ ਕੇ ਮਨ ਬਹੁਤ ਹੀ ਦੁਖੀ ਹੁੰਦਾ ਹੈ ਕਿ ਸਾਡੇ ਆਗੂ ਹੀ ਅਜੇ ਗੁਰਮਤਿ ਵਿਹੂਣੇ ਹਨ। ਵਾਹਿਗੁਰੂ ਸਾਨੂੰ ਸਾਰਿਆਂ ਨੂੰ ਬਿਬੇਕ ਬੁਧਿ ਬਖਸ਼ੇ ਤਾਂ ਜੋ ਅਸੀਂ ਗੁਰਮਤਿ ਦੇ ਧਾਰਨੀ ਬਣ ਸਕੀਏ।

## 4. ਪੰਜਾਬੀ ਪਾਰਟੀ (ਬਾਦਲ ਦਲ) ਦੇ ਗੁਰਮਤਿ ਵਿਰੋਧੀ ਕੁਕਰਮਾਂ ਦੇ ਸਿੱਟੇ

ਸੇਵਾ ਵਿਖੇ

ਮੁੱਖ ਸੰਪਾਦਕ,
ਵਿਸ਼ਵ ਸਿੱਖ ਬੁਲੇਟਿਨ,
ਚੰਡੀਗੜ੍ਹ।

**ਵਿਸ਼ਾ: ਸ੍ਰੀ ਅਵਿਨਾਸ਼ ਰਾਏ ਖੰਨਾ, ਐਮ.ਪੀ. ਵੱਲੋਂ ਕਰਵਾਇਆ ਧੰਨਵਾਦ ਸਮਾਗਮ ਸਿੱਖ ਸਧਾਂਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸਮਾਗਮ।**

ਅੱਜ ਮਿਤੀ 26.05.04 ਨੂੰ ਦਾਣਾ ਮੰਡੀ, ਗੜ੍ਹਸ਼ੰਕਰ ਵਿੱਚ ਹੁਸ਼ਿਆਰਪੁਰ ਤੋਂ ਐਮ.ਪੀ. ਬਣੇ ਬੀ.ਜੇ.ਪੀ. ਦੇ ਸ੍ਰੀ ਅਵਿਨਾਸ਼ ਰਾਏ ਖੰਨਾ

ਵੱਲੋਂ ਕਰਵਾਏ ਧੰਨਵਾਦ ਸਮਾਗਮ ਦੀ ਖ਼ਾਲਸਾ ਪੰਚਾਇਤਾਂ, ਗੜ੍ਹਸ਼ੰਕਰ, ਸਾਹਿਲਪੁਰ, ਸਾਹਦੜਾ ਅਤੇ ਨਵਾਂ ਸ਼ਹਿਰ ਭਰਪੂਰ ਸ਼ਬਦਾਂ ਵਿੱਚ ਨਿਖੇਧੀ ਕਰਦੀਆਂ ਹਨ ਕਿਉਂਕਿ ਪੰਡਾਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਡਤ ਵੱਲੋਂ ਨੰਗੇ ਸਿਰ ਹਿੰਦੂ ਮੰਤਰਾਂ ਦਾ ਉਚਾਰਨ ਕਰਨਾ ਅਤੇ ਹਵਨ ਕਰਨਾ ਸਿੱਖ-ਸਿਧਾਂਤਾਂ ਦੀ ਘੋਰ ਉਲੰਘਣਾ ਹੈ ਜਿਸ ਨੂੰ ਸਿੱਖ ਸੰਗਤਾਂ ਕਦੇ ਵੀ ਬਰਦਾਸ਼ਤ ਨਹੀਂ ਕਰਨਗੀਆਂ।

ਅੱਜ ਸਵੇਰੇ 9 ਵਜੇ ਜਦੋਂ ਮੌਕੇ ’ਤੇ ਜਾ ਕੇ ਦੇਖਿਆ ਕਿ ਪੰਡਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਡਤ ਅਤੇ ਕੁਝ ਹੋਰ ਲੋਕ ਨੰਗੇ ਸਿਰ ਬੈਠੇ ਹਨ ਅਤੇ ਹਵਨ ਸਬੰਧੀ ਹਿੰਦੂ ਮੱਤ ਦੇ ਮੰਤਰਾਂ ਦਾ ਉਚਾਰਨ ਸਪੀਕਰ ਰਾਹੀਂ ਕੀਤਾ ਜਾ ਰਿਹਾ ਹੈ ਅਤੇ ਬਾਅਦ ਵਿੱਚ ‘ਓਮ ਜੈ ਜਗਦੀਸ਼...’ ਵਾਲੀ ਆਰਤੀ ਵੀ ਪੜ੍ਹੀ ਗਈ। ਜਦੋਂ ਅਸੀਂ ਖ਼ਾਲਸਾ ਪੰਚਾਇਤ ਦੇ ਸਿੰਘਾਂ ਨੇ ਇਸ ਸਾਰੇ ਕੁਝ ਦਾ ਵਿਰੋਧ ਕੀਤਾ ਦਾਂ ਆਰ.ਐਸ.ਐਸ. ਅਤੇ ਬੀ.ਜੇ.ਪੀ ਦੇ ਮੋਹਰੀ ਵਿਅਕਤੀਆਂ ਵੱਲੋਂ ਕਿਹਾ ਗਿਆ ਕਿ ਅਸੀਂ ਤਾਂ ਇਹ ਦੋਵੇਂ ਪਾਠ ਤਾਂ ਕਰਵਾਏ ਹਨ ਕਿ ਖੰਨਾ ਸਾਹਿਬ ਨੂੰ ਵੋਟਾਂ ਦੋਵਾਂ ਫਿਰਕਿਆਂ ਦੇ ਲੋਕਾਂ ਨੇ ਪਾਈਆਂ ਹਨ ਅਤੇ ਅਸੀਂ ਦੋਵਾਂ ਧਰਮਾਂ ਵਿੱਚ ਕੋਈ ਫਰਕ ਨਹੀਂ ਸਮਝਦੇ। ਪਰ ਜਦੋਂ ਉਹਨਾਂ ਨੂੰ ਇਹ ਪੁੱਛਿਆ ਗਿਆ ਕਿ ਵੋਟਾਂ ਤਾਂ ਖੰਨੇ ਨੂੰ ਮੁਸਲਮਾਨਾਂ ਅਤੇ ਈਸਾਈਆਂ ਤੇ ਹੋਰ ਦੂਜੇ ਧਰਮਾਂ ਦੇ ਵਿਅਕਤੀਆਂ ਨੇ ਵੀ ਪਾਈਆਂ ਹਨ ਤਾਂ ਕੀ ਉਹਨਾਂ ਦੀ ਨਮਾਜ਼ ਵੀ ਅਦਾ ਕਰਵਾਉਗੇ ਤਾਂ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਸੀ। ਜਦੋਂ ਉਨ੍ਹਾਂ ਨੂੰ ਇਹ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਤੁਹਾਡੇ ਵਿਅਕਤੀ ਅਤੇ ਪੰਡਤ ਨੰਗੇ ਸਿਰ ਕਿਉਂ ਹਨ ਤਾਂ ਸਾਡੇ ਕਹਿਣ ’ਤੇ ਕੁਝ ਵਿਅਕਤੀਆਂ ਵੱਲੋਂ ਸਿਰਾਂ ’ਤੇ ਰੁਮਾਲ ਬੰਨ੍ਹ ਲਏ ਗਏ। ਪਰੰਤੂ ਇੱਕ ਵਿਅਕਤੀ ਗੁਪਤਾ ਟੈਂਟ ਹਾਊਸ, ਗੜ੍ਹਸ਼ੰਕਰ ਵੱਲੋਂ ਸਿਰ ’ਤੇ ਰੁਮਾਲ ਬੰਨ੍ਹ ਕੇ ਅੰਦਰ ਜਾਣ ਤੋਂ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਮੇਰੇ ਪਾਸ ਰੁਮਾਲ ਨਹੀਂ ਹੈ। ਜਦੋਂ ਉਸ ਨੂੰ ਕਿਹਾ ਕਿ ਰੁਮਾਲ ਲੈ ਆਉ ਤਾਂ ਉਸ ਦਾ ਜਵਾਬ ਸੀ ਕਿਹੜਾ ਪੰਜ ਰੁਪਏ ਰੁਮਾਲ ’ਤੇ ਖਰਚੇ। ਇਸ ਗੱਲ ਤੋਂ ਆਰ.ਐਸ.ਐਸ. ਅਤੇ ਭਾਜਪਾ ਦੀ ਸਿੱਖ ਧਰਮ ਪ੍ਰਤੀ ਸ਼ਰਧਾ ਦੀ ਪੋਲ ਖੁੱਲ੍ਹਦੀ ਹੈ।

ਗੁਰਦੁਆਰਾ ਸਿੰਘ ਸਭਾ, ਗੜ੍ਹਸ਼ੰਕਰ ਤੋਂ ਗੁਰੂ ਸਾਹਿਬ ਦੀ ਸਵਾਰੀ ਆਈ, ਜਿਸ ਦਾ ਪ੍ਰਧਾਨ ਗੜ੍ਹਸ਼ੰਕਰ ਤੋਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਹੈ, ਜੋ ਬਾਦਲ ਦਲ ਦਾ ਖ਼ਾਸ ਬੰਦਾ ਹੈ।

ਖ਼ਾਲਸਾ ਪੰਚਾਇਤ ਤੇ ਕੁਝ ਹੋਰ ਮੌਕੇ ’ਤੇ ਪਹੁੰਚੇ ਜਾਗਰੂਕ ਸਿੱਖਾਂ ਵੱਲੋਂ ਵਿਰੋਧ ਕਰਨ ’ਤੇ ਪੰਡਾਲ ’ਚੋਂ ਹਵਨ ਦੀ ਸਮਗਰੀ ਚੁੱਕ ਲਈ ਗਈ ਪਰ ਅੰਦਰੋਂ ਉਹ ਖੁਸ਼ ਨਹੀਂ ਸਨ, ਕਿਉਂਕਿ ਉਨ੍ਹਾਂ ਦਾ ਅਸਲ ਮੰਤਵ ਤਾਂ ਸਿੱਖ ਧਰਮ ਨੂੰ ਨੀਵਾਂ ਦਿਖਾਉਣਾ ਸੀ।

ਇਸ ਸਾਰੀ ਕਾਰਵਾਈ ਤੋਂ ਇਹ ਸਪਸ਼ਟ ਸਮਝ ਆਉਂਦਾ ਹੈ ਕਿ ਭਾਜਪਾ ਅਤੇ ਆਰ.ਐਸ.ਐਸ ਕਾਰਕੁੰਨ ਜਾਣ-ਬੁੱਝ ਕੇ ਅਜਿਹੀਆਂ ਕੋਝੀਆਂ ਕਰਵਾਈਆਂ ਕਰਦੇ ਹਨ ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਸਬੰਧੀ ਖ਼ਾਲਸਾ ਪੰਚਾਇਤ ਸਿੱਖ ਸੰਗਤਾਂ ਨੂੰ ਇਸ ਸਬੰਧੀ ਸੁਚੇਤ ਹੋਣ ਲਈ ਬੇਨਤੀ ਕਰਦੀ ਹੈ ਅਤੇ ਆਰ.ਐਸ.ਐਸ. ਅਤੇ ਭਾਜਪਾ ਨੂੰ ਸਖ਼ਤ ਤਾੜਨਾ ਕਰਦੀ ਹੈ ਕਿ ਜੇ ਕਰ ਭਵਿੱਖ ਵਿੱਚ ਫਿਰ ਅਜਿਹੀ ਕਾਰਵਾਈ ਕੀਤੀ ਜਿਸ ਨਾਲ ਸਿੱਖ ਸਿਧਾਂਤਾਂ ਨੂੰ ਠੇਸ ਪਹੁੰਚੇ ਤਾਂ ਖ਼ਾਲਸਾ ਪੰਚਾਇਤ ਵੱਲੋਂ ਸਖ਼ਤ ਐਕਸ਼ਨ ਲਿਆ ਜਾਏਗਾ ਅਤੇ ਇਸ ਤੋਂ ਨਿਕਲਣ ਵਾਲੇ ਨਤੀਜਿਆਂ ਦੀ ਭਾਜਪਾ ਅਤੇ ਆਰ.ਐਸ.ਐਸ ਹੀ ਜ਼ਿੰਮੇਵਾਰ ਹੋਵੇਗੀ। ਭਲਾ ਕੌਣ ਨਹੀਂ ਜਾਣਦਾ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਰ ਢੱਕ ਕੇ ਜਾਣਾ ਹੁੰਦਾ ਹੈ ਅਤੇ ਹਵਨ ਆਦਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨਹੀਂ ਹੋ ਸਕਦੇ। ਇਹ ਇੱਕ ਸਿੱਖ ਧਰਮ ਨੂੰ ਢਾਅ ਲਾਉਣ ਦੀ ਸੋਚੀ-ਸਮਝੀ ਸਾਜ਼ਿਸ਼ ਤਹਿਤ ਹੀ ਕੀਤਾ ਜਾ ਰਿਹਾ ਹੈ।

ਦਲਜੀਤ ਸਿੰਘ ਖਾਰਾ
[ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)]

ਜਸਬੀਰ ਸਿੰਘ, ਸਾਹਦੜਾ
(ਮੈਂਬਰ, ਖ਼ਾਲਸਾ ਪੰਚਾਇਤ)

ਰਸਪਾਲ ਸਿੰਘ, ਪਰੋਵਾਲ
ਮਨਜੀਤ ਸਿੰਘ, ਮਾਹਲਪੁਰ
ਹਰਬੰਸ ਸਿੰਘ, ਮਾਹਲਪੁਰ

ਜਰਨੈਲ ਸਿੰਘ, ਨਵਾਂ ਸ਼ਹਿਰ
(ਪੰਚ, ਖ਼ਾਲਸਾ ਪੰਚਾਇਤ)

*****

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਪਣੇ ਇਲਾਕੇ ਦੇ ਉਮੀਦਵਾਰ, ਸੰਗਤ ਆਪ ਚੁਣੇ

ਗੁਰਦੁਆਰਾ ਸਿੱਖਾਂ ਦੇ ਧਾਰਮਕ ਅਤੇ ਸਮਾਜਕ ਜੀਵਨ ਦਾ ਸਭ ਤੋਂ ਮਹੱਤਵ ਪੂਰਨ ਕੇਂਦਰ ਹੈ। ਜਿੱਥੇ ਸਿੱਖ ਨੇ ਗੁਰਦੁਆਰਾ ਸਾਹਿਬ ਵਿੱਚ ਸਤਿਸੰਗਤ ਕਰ ਕੇ ਆਪਣੇ ਜੀਵਨ ਨੂੰ ਗੁਰੂ-ਗਿਆਨ ਦੀਆਂ ਰਿਸ਼ਮਾਂ ਨਾਲ ਰੁਸ਼ਨਾਉਣਾ ਹੈ, ਉੱਥੇ ਸਿੱਖ ਦਾ ਸਮਾਜਕ ਜੀਵਨ, ਜਨਮ ਤੋਂ ਲੈ ਕੇ ਮਰਨ ਤੱਕ, ਗੁਰਦੁਆਰੇ ਨਾਲ ਜੁੜਿਆ ਹੋਇਆ ਹੈ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਗੁਰਦੁਆਰੇ ਦੇ ਸਾਰੇ ਪ੍ਰਬੰਧ ਅਤੇ ਪ੍ਰੋਗਰਾਮ ਨਿਰੋਲ ਗੁਰਮਤਿ ਅਨੁਸਾਰ ਹੋਣ। ਇਹ ਤਾਂ ਹੀ ਸੰਭਵ ਹੈ ਜੇ ਗੁਰਦੁਆਰੇ ਦੇ ਪ੍ਰਬੰਧਕ ਪੂਰੀ ਤਰ੍ਹਾਂ ਗੁਰਮਤਿ ਦੇ ਗਿਆਤਾ, ਗੁਰਮਤਿ ਦੇ ਧਾਰਨੀ, ਉੱਚੇ-ਸੁੱਚੇ ਕਿਰਦਾਰ ਵਾਲੇ ਅਤੇ ਪੂਰੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਨੂੰ ਸਮਰਪਿਤ ਹੋਣ।

ਪਰ ਅੱਜ ਜੋ ਵੇਖਣ ਨੂੰ ਮਿਲ ਰਿਹਾ ਹੈ, ਉਹ ਬਿਲਕੁਲ ਇਸ ਦੇ ਉਲਟ ਹੈ। ਹੋਰ ਤਾਂ ਹੋਰ, ਸਾਡੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ

ਲਈ ਲੰਬੇ ਸੰਘਰਸ਼ ਅਤੇ ਮਹਾਨ ਕੁਰਬਾਨੀਆਂ ਤੋਂ ਬਾਅਦ ਹੋਂਦ ਵਿੱਚ ਆਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਹੀ ਵੇਖ ਲਈਏ ਤਾਂ ਮਨ ਬਹੁਤ ਦੁਖੀ ਹੁੰਦਾ ਹੈ। ਇਨ੍ਹਾਂ ਵਿੱਚੋਂ ਬਹੁਤੇ ਮੈਂਬਰ ਗੁਰਮਤਿ ਤੋਂ ਅਨਜਾਣ, ਨਸ਼ਿਆਂ ਵਿੱਚ ਗਲਤਾਨ ਅਤੇ ਕਈ ਤਾਂ ਨਸ਼ਿਆਂ ਦਾ ਵਪਾਰ ਕਰਨ ਵਾਲੇ, ਗੁਰੂ ਦੀ ਗੋਲਕ ਲੁੱਟਣ ਵਾਲੇ, ਸੰਗਤ ਦੀ ਅਤਿ ਭਾਵ-ਭਿੰਨੀ ਸ਼ਰਧਾ ਨਾਲ ਭੇਟ ਕੀਤੀ ਮਾਇਆ ਦੀ ਦੁਰਵਰਤੋਂ ਕਰਨ ਵਾਲੇ, ਗੁਰੂ ਤੋਂ ਬੇਮੁੱਖ, ਸਿੱਖ ਰਹਿਤ ਮਰਿਆਦਾ ਤੋਂ ਆਕੀ ਅਤੇ ਪੰਥਕ ਭਾਵਨਾ ਤੋਂ ਪੂਰੀ ਤਰ੍ਹਾਂ ਸੱਖਣੇ ਹਨ। ਇਸ ਦਾ ਮੂਲ ਕਾਰਣ ਗੁਰਦੁਆਰਾ ਪ੍ਰਬੰਧ ਵਿੱਚ ਵੋਟਾਂ ਦੀ ਰਾਜਨੀਤੀ ਜਾਪਦਾ ਹੈ।

ਗੁਰਦੁਆਰਾ ਪ੍ਰਬੰਧ ਵਿੱਚ ਵੋਟਾਂ ਦੁਆਰਾ ਪ੍ਰਬੰਧਕਾਂ ਦੀ ਚੋਣ ਦਾ ਸਿਸਟਮ ਭਾਵੇਂ ਨਾ ਤਾਂ ਗੁਰਮਤਿ ਅਨੁਸਾਰ ਹੈ ਅਤੇ ਨਾ ਹੀ ਸਿੱਖ ਇਤਿਹਾਸ ਨਾਲ ਮੇਲ ਖਾਂਦਾ ਹੈ ਪਰ ਸਾਡੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਵਾਲੇ ਸਮੇਂ ਦੇ ਆਗੂਆਂ ਵਿੱਚ (ਭਾਵੇਂ ਉਨ੍ਹਾਂ ਦੀ ਭਾਵਨਾ ਬਹੁਤ ਚੰਗੀ ਸੀ ਅਤੇ ਇਸ ਲਈ ਅਸੀਂ ਉਨ੍ਹਾਂ ਦੇ ਸਿੱਖੀ ਸਿਦਕ ਤੋਂ ਬਲਿਹਾਰ ਵੀ ਜਾਂਦੇ ਹਾਂ ਪਰ ਉਨ੍ਹਾਂ ਵਿੱਚ) ਦੂਰ-ਦ੍ਰਿਸ਼ਟੀ ਦੀ ਘਾਟ ਕਾਰਣ ਇਹ ਸਮੇਂ ਦਾ ਕਾਨੂੰਨ ਬਣ ਚੁੱਕਾ ਹੈ ਅਤੇ ਅੱਜ ਇਸ ਦੇ ਵਜੂਦ ਨੂੰ ਨਕਾਰਿਆ ਨਹੀਂ ਜਾ ਸਕਦਾ। ਜੇ ਕੁਝ ਗੁਰੂ ਨੂੰ ਸਮਰਪਿਤ, ਚੰਗੀ ਸੋਚ ਵਾਲੇ ਗੁਰਸਿੱਖ ਇਹ ਸੋਚ ਵੀ ਲੈਣ ਕਿ ਕਿਉਂਕਿ ਇਹ ਸਿਸਟਮ ਗੁਰਮਤਿ ਅਤੇ ਗੁਰ-ਇਤਿਹਾਸ ਅਨੁਸਾਰ ਨਹੀਂ ਇਸ ਵਾਸਤੇ ਅਸੀਂ ਵੋਟਾਂ ਨਹੀਂ ਪਾਉਣੀਆਂ ਤਾਂ ਕੀ ਇਸ ਦਾ ਕੋਈ ਫ਼ਾਇਦਾ ਹੋਵੇਗਾ? ਕੀ ਇਹ ਸਿਸਟਮ ਖ਼ਤਮ ਹੋ ਜਾਵੇਗਾ? ਬਿਲਕੁਲ ਨਹੀਂ। ਬਲਕਿ ਸੁਆਰਥੀ, ਰਾਜਸੀ ਅਤੇ ਲੋਭੀ-ਲਾਲਚੀ ਲੋਕਾਂ ਨੂੰ ਹੋਰ ਮੌਜਾਂ ਹੋ ਜਾਣਗੀਆਂ। ਉਨ੍ਹਾਂ ਨੂੰ ਚੋਣਾਂ ਜਿੱਤਣਾ ਅਤੇ ਗੁਰਦੁਆਰਿਆਂ 'ਤੇ ਕਾਬਜ਼ ਰਹਿਣਾ ਹੋਰ ਸੌਖਾ ਹੋ ਜਾਵੇਗਾ ਕਿਉਂਕਿ ਬਹੁਤੀ ਸਿੱਖ ਜਨਤਾ ਅਤਿ ਭੋਲ਼ੀ ਹੈ ਅਤੇ ਗੁਰਮਤਿ ਦੀ ਪੂਰੀ ਤਰ੍ਹਾਂ ਜਾਣਕਾਰ ਨਹੀਂ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਕਿਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਨੂੰ ਘਟੀਆ ਤੇ ਸੁਆਰਥੀ ਆਗੂਆਂ ਅਤੇ ਮੈਂਬਰਾਂ ਤੋਂ ਮੁਕਤ ਕਰਵਾ ਕੇ ਗੁਰਮਤਿ ਦੇ ਧਾਰਨੀ ਅਤੇ ਪੰਥ-ਪ੍ਰਸਤ ਲੋਕਾਂ ਨੂੰ ਅੱਗੇ ਲਿਆਂਦਾ ਜਾਵੇ। ਪਰ ਕਿਵੇਂ? ਜੋ ਸਿਆਸੀ ਆਗੂ ਇਸ 'ਤੇ ਕਾਬਜ਼ ਹਨ, ਜੋ ਇਸ ਨੂੰ ਰਾਜ-ਸੱਤਾ ਹਾਸਲ ਕਰਨ ਲਈ ਇੱਕ ਪੜਾਅ ਅਤੇ ਹਥਿਆਰ ਦੇ ਤੌਰ 'ਤੇ ਵਰਤਦੇ ਹਨ, ਜੋ ਆਪਣੀ ਰਾਜ-ਸੱਤਾ ਦੀ ਲੜਾਈ ਵਿੱਚ ਇਸ ਪਾਵਨ ਸੰਸਥਾ ਦੀ ਮਾਇਆ ਦੀ ਦੁਰਵਰਤੋਂ ਕਰਦੇ ਹਨ, ਜਿਨ੍ਹਾਂ ਨੇ ਪੰਥ ਦੀਆਂ ਕੁਝ ਸਰਵਉੱਚ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਆਪਣੇ ਅਧੀਨ ਕੀਤਾ ਹੋਇਆ ਹੈ (ਤਾਂ ਕਿ ਇਨ੍ਹਾਂ ਸੰਸਥਾਵਾਂ ਰਾਹੀਂ ਉਹ ਆਪਣੇ ਵਿਰੋਧੀਆਂ ਨੂੰ ਮਾਤ ਦੇ ਸਕਣ) ਕੀ ਉਹ ਸੌਖੇ ਹੀ ਐਸਾ ਹੋਣ ਦੇਣਗੇ? ਕਦਾਚਿਤ ਨਹੀਂ। ਉਹ ਜਾਣਦੇ ਹਨ ਕਿ ਉਨ੍ਹਾਂ ਨੇ ਆਪ ਹੀ ਤਾਂ ਸਿੱਖਾਂ ਅੰਦਰੋਂ ਸਿੱਖੀ ਸੋਚ ਅਤੇ ਸਿੱਖੀ ਭਾਵਨਾ ਨੂੰ ਨਸ਼ਟ ਕਰ ਦਿੱਤਾ ਹੈ ਅਤੇ ਉਨ੍ਹਾਂ ਅੰਦਰ ਗੁਰਮਤਿ ਅਤੇ ਮਨਮਤਿ ਵਿਚਲੇ ਫ਼ਰਕ ਅਤੇ ਪੰਥ ਦੇ ਭਲੇ-ਬੁਰੇ ਦੀ ਸਮਝ ਹੀ ਨਹੀਂ ਰਹਿਣ ਦਿੱਤੀ। ਫਿਰ ਭਲਾ ਉਹ ਸੁਧਾਰ ਦੀ ਗੱਲ ਕਿਉਂ ਸੁਣਨਗੇ?

ਚਲੋ, ਜੇ ਕੁਝ ਚਿਰ ਲਈ ਇਹ ਮੰਨ ਲਈਏ ਕਿ ਉੱਦਮ ਕਰ ਕੇ ਕੌਮ ਵਿੱਚ ਨਵੀਂ ਚੇਤਨਤਾ ਲੈ ਆਂਦੀ ਜਾਵੇ ਅਤੇ ਚੰਗੇ, ਸੁਹਿਰਦ ਅਤੇ ਗਿਆਨਵਾਨ ਗੁਰਸਿੱਖਾਂ ਨੂੰ ਚੋਣਾਂ ਵਿੱਚ ਖੜ੍ਹਾ ਕਰ ਕੇ ਜਿਤਾ ਵੀ ਲਿਆ ਜਾਵੇ ਤਾਂ ਕੀ ਗਰੰਟੀ ਹੈ ਕਿ ਕੁਝ ਸਮੇਂ ਬਾਅਦ ਉਨ੍ਹਾਂ ਅੰਦਰ ਵੀ ਇਹੀ ਨਿਘਾਰ ਨਹੀਂ ਆ ਜਾਵੇਗਾ। ਜਦੋਂ ਇਹ ਸੰਸਥਾ ਹੋਂਦ ਵਿੱਚ ਆਈ ਸੀ ਉਦੋਂ ਤਾਂ ਇਹ ਨਿਘਾਰ ਨਹੀਂ ਸੀ, ਸਮੇਂ ਨਾਲ ਹੀ ਆਇਆ ਹੈ। ਇਸ ਲਈ ਇਸ ਨਿਘਾਰ ਦੇ ਆਉਣ ਦੇ ਕਾਰਣ ਘੋਖਣੇ ਪੈਣਗੇ ਅਤੇ ਉਨ੍ਹਾਂ ਦਾ ਸਦੀਵੀ ਹੱਲ ਕੱਢਣਾ ਪਵੇਗਾ।

**ਨਿਘਾਰ ਦੇ ਕਾਰਣ:**

ਸਿੱਖੀ ਵਿੱਚ ਮੀਰੀ-ਪੀਰੀ ਦਾ ਸੰਕਲਪ ਹੈ। ਸਤਿਗੁਰੂ ਜੀ ਨੇ ਸਿੱਖ ਨੂੰ ਸੰਤ-ਸਿਪਾਹੀ ਬਣਾਇਆ ਹੈ। ਇਸ ਦਾ ਭਾਵ ਹੈ ਕਿ ਸਿੱਖ ਨੇ ਗੁਰਮਤਿ 'ਤੇ ਅਧਾਰਤ ਉੱਚਾ-ਸੁੱਚਾ ਧਰਮੀ ਜੀਵਨ ਬਤੀਤ ਕਰਨਾ ਹੈ। ਪਰ ਜੇ ਕੋਈ ਦੁਨਿਆਵੀ ਸ਼ਕਤੀ ਉਸ ਦੇ ਇਸ ਪਵਿੱਤਰ ਸੰਕਲਪ ਦੇ ਵਿੱਚ ਰੁਕਾਵਟ ਬਣੇ ਤਾਂ ਸਿੱਖ ਨੇ ਗਊ ਵਾਂਗੂੰ ਸਿਰ ਨਿਵਾ ਕੇ ਨਹੀਂ ਬੈਠ ਜਾਣਾ ਬਲਕਿ ਆਪਣਾ ਸਿਪਾਹੀ ਵਾਲਾ ਰੂਪ ਪਰਗਟ ਕਰ ਕੇ ਉਸ ਦਾ ਡਟ ਕੇ ਮੁਕਾਬਲਾ ਕਰਨਾ ਹੈ। ਧਰਮ ਦੀ ਰੱਖਿਆ ਵਾਸਤੇ ਸ਼ਕਤੀ ਜਾਂ ਸਿਆਸਤ ਦੀ ਵਰਤੋਂ ਕਰਨੀ ਜਾਇਜ਼ ਹੈ। ਸਾਡੇ ਸੁਆਰਥੀ ਸਿਆਸੀ ਆਗੂਆਂ ਨੇ ਇਸ ਸੰਕਲਪ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ। ਜਿਸ ਧਰਮ ਦੀ ਰੱਖਿਆ ਕਰਨੀ ਸੀ, ਉਹ ਸਿਰ ਦਾ ਤਾਜ ਤਾਂ ਪੈਰਾਂ ਵਿੱਚ ਰੁਲ ਰਿਹਾ ਹੈ। ਮੀਰੀ-ਪੀਰੀ ਦੇ ਸਿਧਾਂਤ ਅਤੇ ਧਰਮ ਦੇ ਨਾਂ ਦਾ ਰੌਲਾ ਪਾ-ਪਾ ਕੇ ਆਪਣੇ ਨਿਰੋਲ ਰਾਜਸੀ ਅਤੇ ਨਿੱਜੀ ਹਿਤ ਪੂਰੇ ਜਾ ਰਹੇ ਹਨ। ਸਾਰੀ ਸ਼ਕਤੀ ਕੇਂਦਰਿਤ ਹੋ ਕੇ ਇੱਕ ਵਿਅਕਤੀ ਦੇ ਹੱਥ ਵਿੱਚ ਆ ਗਈ ਹੈ। ਇਹੀ ਰਾਜਸੀ ਆਗੂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਉਮੀਦਵਾਰਾਂ ਦੀ ਚੋਣ ਕਰਦਾ ਹੈ। ਪਹਿਲਾਂ ਤਾਂ ਚੋਣ ਵੇਲੇ ਹੀ ਕਿਸੇ ਉਮੀਦਵਾਰ ਦੇ ਧਾਰਮਕ ਜਾਂ ਨੈਤਿਕ ਗੁਣਾਂ ਦਾ ਕੋਈ ਧਿਆਨ ਨਹੀਂ ਕੀਤਾ ਜਾਂਦਾ ਅਤੇ ਕੇਵਲ ਉਸ ਦੇ ਰਾਜਨੀਤਕ ਅਤੇ ਨਿੱਜੀ ਸੰਬੰਧਾਂ ਦੇ ਅਧਾਰ 'ਤੇ ਹੀ ਚੋਣ ਕੀਤੀ ਜਾਂਦੀ ਹੈ। ਫਿਰ ਐਸੇ ਵਿਅਕਤੀ ਦੀ ਪ੍ਰਤੀਬੱਧਤਾ ਭਲਾ ਪੰਥ ਨਾਲ ਕਿਵੇਂ ਹੋ ਸਕਦੀ ਹੈ? ਉਸ ਦੀ ਵਫ਼ਾਦਾਰੀ ਤਾਂ ਕੇਵਲ ਉਸ ਸਿਆਸੀ ਆਗੂ ਨਾਲ ਹੋਵੇਗੀ ਜਿਸ ਨੇ ਉਸ ਦੀ ਚੋਣ

ਕੀਤੀ ਹੈ ਅਤੇ ਅਗਲੀਆਂ ਚੋਣਾਂ ਵਿੱਚ ਵੀ ਕਰਨੀ ਹੈ। ਇੱਕ ਵਾਰੀ ਉਸ ਦੀ ਚੋਣ ਹੋ ਗਈ ਤਾਂ ਉਸ ਨੂੰ ਵੋਟਾਂ ਪਾਉਣਾ ਸਿੱਖਾਂ ਦੀ ਮਜਬੂਰੀ ਹੋ ਜਾਂਦੀ ਹੈ ਕਿਉਂਕਿ ਪਹਿਲਾਂ ਤਾਂ ਸਾਹਮਣੇ ਕੋਈ ਟਾਕਰੇ ਦਾ ਉਮੀਦਵਾਰ ਹੀ ਨਹੀਂ ਹੁੰਦਾ ਤੇ ਜੇ ਕੋਈ ਧੜਾ ਮੁਕਾਬਲੇ ਤੇ ਆ ਵੀ ਜਾਵੇ ਤਾਂ ਉਸ ਨੂੰ 'ਕਾਂਗਰਸੀ', 'ਪੰਥ-ਦੋਖੀ' ਅਤੇ 'ਸਰਕਾਰੀ ਪਿੱਠੂ' ਆਦਿ ਕਹਿ-ਕਹਿ ਕੇ ਸਿੱਖਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ। ਆਪ ਇਹ ਆਗੂ ਪੰਥ ਦੀ ਸਭ ਤੋਂ ਵੱਡੀ ਦੁਸ਼ਮਣ ਜਥੇਬੰਦੀ *ਆਰ.ਐਸ.ਐਸ.* ਦੇ ਏਜੰਟ ਬਣ ਕੇ ਸਿੱਖੀ ਦਾ ਨਾਸ ਕਰ ਰਹੇ ਹਨ ਪਰ ਫਿਰ ਵੀ ਇਹ 'ਪੰਥ' ਹਨ ਅਤੇ ਪਿਛਲੇ ਕਈ ਸਾਲਾਂ ਤੋਂ ਇਹੀ ਕਹਿ-ਕਹਿ ਕੇ ਸਿੱਖਾਂ ਦਾ ਮਾਨਸਿਕ ਸ਼ੋਸ਼ਣ (Sentimental Blackmailing) ਕਰ ਰਹੇ ਹਨ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਨ੍ਹਾਂ ਚੋਣਾਂ ਤੇ ਲੱਖਾਂ ਰੁਪਿਆ ਖਰਚਿਆ ਜਾਂਦਾ ਹੈ। ਹੁਣ ਤਾਂ ਇਹ ਖਰਚਾ ਕ੍ਰੋੜਾਂ ਤੱਕ ਪੁੱਜਦਾ ਜਾ ਰਿਹਾ ਹੈ। ਭਲਾ ਜਿਹੜਾ ਉਮੀਦਵਾਰ ਇਤਨਾ ਧਨ ਖਰਚ ਕੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣੇਗਾ, ਕੀ ਉਹ ਕੌਮ ਦੀ ਸੇਵਾ ਕਰੇਗਾ ? ਉਸ ਦੀ ਨਜ਼ਰ ਤਾਂ ਪਹਿਲੇ ਦਿਨ ਤੋਂ ਗੁਰੂ ਦੀ ਗੋਲਕ ਲੁੱਟਣ ਅਤੇ ਹੋਰ ਨਜਾਇਜ਼ ਤਰੀਕਿਆਂ ਨਾਲ ਧਨ ਇਕੱਤਰ ਕਰਨ 'ਤੇ ਹੁੰਦੀ ਹੈ। ਇਨ੍ਹਾਂ ਸਿਆਸੀ ਆਗੂਆਂ ਵਾਸਤੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਿਤਨਾ ਮਹੱਤਵਪੂਰਨ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਨਵੰਬਰ 2002 ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੇਲੇ ਇੱਕ ਪਾਸੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਧੜੇ ਦੇ ਮੈਂਬਰਾਂ ਨੂੰ ਲੰਮਾਂ ਸਮਾਂ ਪੰਜਾਬ ਤੋਂ ਬਾਹਰ, ਹਰਿਆਣੇ ਵਿੱਚ, ਬੰਦੀ ਬਣਾ ਕੇ ਰੱਖਿਆ ਅਤੇ ਉਸ ਬੰਦੀਖਾਨੇ ਵਿੱਚ ਉਨ੍ਹਾਂ ਨੂੰ ਖ਼ੂਬ ਐਸ਼ੋ-ਇਸ਼ਰਤ ਅਤੇ ਪੰਜ-ਤਾਰਾ ਹੋਟਲ ਤੋਂ ਵੀ ਵੱਧ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਫਿਰ ਉਨ੍ਹਾਂ ਮੈਂਬਰਾਂ ਨੂੰ ਹਵਾਈ ਜਹਾਜ਼ ਵਿੱਚ ਬਿਠਾ ਕੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਨ ਲਈ ਅੰਮ੍ਰਿਤਸਰ ਲਿਆਂਦਾ ਗਿਆ ਅਤੇ ਇਉਂ ਇਸ ਮੰਤਵ ਲਈ ਕ੍ਰੋੜਾਂ ਦਾ ਖਰਚਾ ਕੀਤਾ ਗਿਆ। ਦੂਜੇ ਪਾਸੇ ਸ੍ਰੀ ਗੁਰਚਰਨ ਸਿੰਘ ਟੋਹੜਾ ਨੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਲਈ ਸਮੇਂ ਦੀ ਕਾਂਗਰਸ ਸਰਕਾਰ ਦੀ ਮਸ਼ੀਨਰੀ ਦੀ ਖ਼ੂਬ ਵਰਤੋਂ ਕੀਤੀ। ਇਹ ਅਲੱਗ ਗੱਲ ਹੈ ਕਿ ਬਾਅਦ ਵਿੱਚ ਇਹ ਦੋਵੇਂ ਅਖ਼ੌਤੀ ਪੰਥਕ ਲੀਡਰ ਇਕੱਠੇ ਹੋ ਗਏ ਅਤੇ 'ਸਾਧ-ਮੰਡਲੀ' ਬਣ ਗਈ। ਕੀ ਕੋਈ ਵੀ ਗੁਰੂ ਦਾ ਸਿੱਖ ਇਹ ਕਹਿ ਸਕਦਾ ਹੈ ਕਿ ਇਹ ਸਭ ਕੁਝ ਪੰਥ ਦੀ ਸੇਵਾ ਲਈ ਕੀਤਾ ਗਿਆ ਸੀ ?

**ਸਮੱਸਿਆ ਦਾ ਹੱਲ:**

ਸਿੱਖੀ ਵਿੱਚ ਸਮੂਹਕ ਅਗਵਾਈ (Collective Leadership) ਦਾ ਸੰਕਲਪ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਜ਼ੂਰ ਨੇ ਫ਼ਰਮਾਇਆ ਹੈ, "ਇਨ ਗਰੀਬ ਸਿਖਨ ਕੋ ਦੇਹੁੰ ਪਾਤਿਸ਼ਾਹੀ ॥ ਯਾਦ ਕਰੇ ਹਮਰੀ ਗੁਰਿਆਈ ॥" ਇਸ ਦਾ ਭਾਵ ਇਹ ਨਹੀਂ ਕਿ ਹਰ ਸਿੱਖ ਨੇ ਕਲਗੀ ਲਗਾ ਕੇ ਸਿੰਘਾਸਨ 'ਤੇ ਬੈਠ ਜਾਣਾ ਹੈ, ਬਲਕਿ ਰਾਜਸੱਤਾ ਦੀ ਅਸਲੀ ਤਾਕਤ ਆਮ ਸਿੱਖ ਦੇ ਹੱਥ ਵਿੱਚ ਹੋਵੇ। ਆਓ, ਇਸ ਗੁਰਮਤਿ ਵਿਚਾਰਧਾਰਾ ਦੀ ਸ਼ੁਰੂਆਤ ਆਉਂਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਕਰੀਏ। ਆਪਣੇ ਇਲਾਕੇ ਵਿੱਚੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਉਮੀਦਵਾਰ ਚੁਣਨ ਦਾ ਅਧਿਕਾਰ ਸੰਗਤ ਕੋਲ ਹੋਵੇ।

**ਤਰੀਕਾ:**

ਸ਼੍ਰੋਮਣੀ ਕਮੇਟੀ ਦੇ ਇੱਕ ਚੋਣ-ਹਲਕੇ ਵਿੱਚ ਜਿਤਨੇ ਪਿੰਡ, ਨਗਰ ਜਾਂ ਵਾਰਡ ਆਉਂਦੇ ਹਨ, ਉਨ੍ਹਾਂ ਵਿੱਚੋਂ ਦੋ-ਦੋ ਚੰਗੇ ਗੁਰਸਿੱਖ ਵੀਰਾਂ-ਭੈਣਾਂ ਦੀ ਸਾਂਝੀ ਮੀਟਿੰਗ ਕਿਸੇ ਸਾਂਝੇ ਸਥਾਨ 'ਤੇ ਬੁਲਾਈ ਜਾਵੇ ਅਤੇ ਆਪਣੇ ਵਿੱਚੋਂ ਇਸ ਪਰਚੇ ਵਿੱਚ ਦਿੱਤੇ ਗੁਣਾਂ ਵਾਲਾ ਇੱਕ ਗੁਰਸਿੱਖ ਸ਼੍ਰੋਮਣੀ ਕਮੇਟੀ ਦੇ ਉਮੀਦਵਾਰ ਵਜੋਂ ਚੁਣਿਆ ਜਾਵੇ। ਜਿਵੇਂ, ਮੰਨ ਲਉ ਜੇ ਕਿਸੇ ਚੋਣ ਹਲਕੇ ਵਿੱਚ ਸੌ ਪਿੰਡ ਜਾਂ ਨਗਰ ਆਉਂਦੇ ਹਨ ਤਾਂ ਹਰ ਜਗ੍ਹਾ ਤੋਂ ਦੋ-ਦੋ ਵੀਰ-ਭੈਣਾਂ ਬੁਲਾ ਕੇ ਦੋ ਸੌ ਮੈਂਬਰਾਂ ਦੀ ਮੀਟਿੰਗ ਹੋਵੇ, ਜੋ ਸਾਂਝੇ ਤੌਰ 'ਤੇ ਹੇਠਲੇ ਗੁਣਾਂ ਵਾਲਾ ਇੱਕ ਪੰਥਕ ਉਮੀਦਵਾਰ ਚੁਣ ਲੈਣ।

**ਉਮੀਦਵਾਰ ਦੇ ਗੁਣ:**

1. ਅੰਮ੍ਰਿਤਧਾਰੀ ਗੁਰਸਿੱਖ ਹੋਵੇ।
2. ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਕਿਸੇ ਅੱਗੇ ਸਿਰ ਨਾ ਨਿਵਾਉਂਦਾ ਹੋਵੇ।
3. ਘੱਟੋ-ਘੱਟ 10+2 ਪੜ੍ਹਿਆ ਹੋਵੇ।
4. ਉਸ ਦੇ ਪਰਿਵਾਰ ਵਿੱਚ ਕੋਈ ਵਿਅਕਤੀ ਕੇਸਾਂ ਦੀ ਬੇਅਦਬੀ ਜਾਂ ਨਸ਼ੇ ਦੀ ਵਰਤੋਂ ਨਾ ਕਰਦਾ ਹੋਵੇ।
5. ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਬਾਣੀ ਵੀਚਾਰ ਕੇ ਪੜ੍ਹਦਾ ਹੋਵੇ ਅਤੇ ਗੁਰਮਤਿ ਨੂੰ ਸਮਝਦਾ ਹੋਵੇ।
6. ਨਿਸ਼ਕਾਮ ਕੌਮੀ ਸੇਵਾ ਦਾ ਚਾਅ ਹੋਵੇ।
7. ਕਿਰਤੀ ਹੋਵੇ।
8. ਨੇਮ ਨਾਲ ਦਸਵੰਧ ਕੱਢਦਾ ਹੋਵੇ।
9. ਸਿੱਖ ਇਤਿਹਾਸ ਦੀ ਮੁੱਢਲੀ ਜਾਣਕਾਰੀ ਰੱਖਦਾ ਹੋਵੇ।
10. ਆਪਣੇ ਜੀਵਨ ਅਤੇ ਪਰਿਵਾਰ ਵਿੱਚ ਸਭ ਕਾਰਜ ਸਿੱਖ ਰਹਿਤ ਮਰਿਆਦਾ ਅਨੁਸਾਰ ਕਰਦਾ ਹੋਵੇ।
11. ਨਿਰੰਕਾਰੀਏ, ਭਨਿਆਰੀਏ, ਨੂਰਮਹਿਲੀਏ, ਨਾਮਧਾਰੀ, ਸੱਚਾ ਸੌਦਾ ਵਾਲੇ, ਰਾਧਾਸਵਾਮੀ ਅਤੇ ਹੋਰ ਅਜਿਹੇ ਡੇਰਿਆਂ ਅਤੇ

ਰਾਸ਼ਟਰੀ ਸਿੱਖ ਸੰਗਤ ਜਾਂ ਹੋਰ ਕਿਸੇ ਪੰਥ-ਦੋਖੀ ਜਥੇਬੰਦੀ ਨਾਲ ਸਬੰਧ ਨਾ ਰੱਖਦਾ ਹੋਵੇ।

ਜੇ ਕਿਸੇ ਜਗ੍ਹਾ 'ਤੇ ਇੱਕ ਸਾਂਝੇ ਉਮੀਦਵਾਰ ਬਾਰੇ ਸਹਿਮਤੀ ਨਾ ਹੋ ਸਕੇ ਅਤੇ ਬਹੁਤੇ ਉਮੀਦਵਾਰਾਂ ਦਾ ਨਾਂ ਆਉਂਦਾ ਹੋਵੇ ਤਾਂ ਇਕੱਤਰ ਹੋਈ ਸੰਗਤ ਵਿੱਚੋਂ ਪੰਜ ਅਜੇਹੇ ਗੁਰਸਿੱਖਾਂ ਦੀ ਚੋਣ ਕਰ ਲਈ ਜਾਵੇ ਜਿਨ੍ਹਾਂ ਵਿੱਚੋਂ ਕੋਈ ਵੀ ਆਪ ਉਮੀਦਵਾਰ ਨਾ ਹੋਵੇ। ਇਹ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰੀ ਤਰ੍ਹਾਂ ਸਮਰਪਤ ਹੋ ਕੇ, ਉਨ੍ਹਾਂ ਉਮੀਦਵਾਰਾਂ ਦੇ ਗੁਣ, ਪਿਛੋਕੜ ਅਤੇ ਕਿਰਦਾਰ ਵਾਚ ਕੇ ਉਨ੍ਹਾਂ ਵਿੱਚੋਂ ਇੱਕ ਉਮੀਦਵਾਰ ਦੀ ਚੋਣ ਕਰ ਲੈਣ। ਇਸ ਤਰਾਂ ਸਾਂਝੇ ਚੁਣੇ ਹੋਏ ਉਮੀਦਵਾਰ ਨੂੰ ਸਾਰੀ ਸੰਗਤ ਆਪਣੇ ਇਲਾਕੇ ਦਾ ਇੱਕੋ-ਇੱਕ ਪੰਥਕ ਉਮੀਦਵਾਰ ਪ੍ਰਵਾਨ ਕਰ ਲਵੇ। ਉਮੀਦਵਾਰ ਦੀ ਇਸ ਵਿਧੀ ਨਾਲ ਚੋਣ ਕਰਨ ਤੋਂ ਪਹਿਲਾਂ ਉਮੀਦਵਾਰ ਬਣਨ ਦੇ ਸਾਰੇ ਚਾਹਵਾਨਾਂ ਕੋਲੋਂ ਇਹ ਪ੍ਰਣ ਕਰਵਾ ਲਿਆ ਜਾਵੇ ਕਿ ਉਹ ਪੰਚਾਂ ਦਾ ਫ਼ੈਸਲਾ ਸਿਰ-ਮੱਥੇ ਪ੍ਰਵਾਨ ਕਰਨਗੇ ਅਤੇ ਜਿਸ ਉਮੀਦਵਾਰ ਦੀ ਵੀ ਚੋਣ ਹੋਵੇਗੀ, ਸਾਰੇ ਤਨ, ਮਨ, ਧਨ ਨਾਲ ਉਸ ਦੀ ਕਾਮਯਾਬੀ ਵਾਸਤੇ ਯੋਗਦਾਨ ਪਾਉਣਗੇ।

ਇਹ ਚੋਣ ਕਰਨ ਲੱਗਿਆਂ ਜਾਤ-ਪਾਤ, ਉਮਰ ਜਾਂ ਲਿੰਗ-ਭੇਦ ਆਦਿ ਕਿਸੇ ਤਰਾਂ ਦੇ ਭੇਦ-ਭਾਵ ਦੀ ਵੀਚਾਰ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਸਿੱਖੀ ਸਿਧਾਂਤਾਂ ਵਿੱਚ ਇਨ੍ਹਾਂ ਲਈ ਕੋਈ ਸਥਾਨ ਨਹੀਂ ਹੈ। ਪ੍ਰੰਤੂ ਰਾਖਵੀਆਂ ਸੀਟਾਂ (Reserved Seats) ਉੱਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਪਰੋਕਤ ਵਿਧੀ ਅਨੁਸਾਰ ਜੋ ਉਮੀਦਵਾਰ ਸਾਹਮਣੇ ਆਉਣਗੇ, ਸ਼੍ਰੋਮਣੀ ਖ਼ਾਲਸਾ ਪੰਚਾਇਤ ਉਨ੍ਹਾਂ ਨੂੰ ਪੰਥਕ ਉਮੀਦਵਾਰ ਵਜੋਂ ਅਪਣਾ ਲਵੇਗੀ।

**ਚੋਣ ਪ੍ਰਚਾਰ:**

ਇਹ ਅਤਿ ਸ਼ਰਮਨਾਕ ਅਤੇ ਘਿਨਾਉਣੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਨਸ਼ੇ ਵੰਡਣ ਅਤੇ ਪੈਸੇ ਨਾਲ ਵੋਟਾਂ ਖਰੀਦਣ ਅਤੇ ਕੂੜ-ਪ੍ਰਚਾਰ ਦੀ ਪਿਰਤ ਚੱਲ ਪਈ ਹੈ। ਜਿਨ੍ਹਾਂ ਲੋਕਾਂ ਵਾਸਤੇ ਇਹ ਸਿਆਸੀ ਲੜਾਈ ਹੈ ਉਨ੍ਹਾਂ ਕੋਲੋਂ ਹੋਰ ਆਸ ਵੀ ਕੀ ਕੀਤੀ ਜਾ ਸਕਦੀ ਹੈ?

ਉਪਰੋਕਤ ਤਰੀਕੇ ਨਾਲ ਚੁਣੇ ਉਮੀਦਵਾਰ ਦੀ ਚੋਣ-ਪ੍ਰਕਿਰਿਆ ਚਲਾਉਣ ਵਾਸਤੇ ਉਪਰੋਕਤ ਇਕੱਠੇ ਹੋਏ ਮੈਂਬਰਾਂ ਵਿੱਚੋਂ ਦੋ ਕਮੇਟੀਆਂ — ਇੱਕ ਚੋਣ-ਪ੍ਰਚਾਰ ਕਮੇਟੀ ਅਤੇ ਦੂਜੀ ਵਿੱਤੀ ਕਮੇਟੀ — ਬਣਾਈਆਂ ਜਾਣ, ਜੋ ਆਪਸ ਵਿੱਚ ਪੂਰੇ ਤਾਲਮੇਲ ਨਾਲ ਚੱਲਣ। ਇਹ ਕਮੇਟੀਆਂ ਚੋਣ-ਪ੍ਰਚਾਰ ਵਾਸਤੇ ਹਰ ਸਿੱਖ ਪਰਿਵਾਰ ਕੋਲੋਂ ਦਸ-ਦਸ ਰੁਪੱਈਏ ਇਕੱਠੇ ਕਰਨ। ਇਸ ਪੈਸੇ ਨਾਲ ਹੀ ਸਾਰੀ ਪ੍ਰਚਾਰ-ਸਮਗਰੀ ਜਿਵੇਂ ਕਿ ਇਸ਼ਤਿਹਾਰ, ਬੈਨਰ, ਬੋਰਡ ਆਦਿ (ਜਿਨ੍ਹਾਂ ਤੋਂ ਉਮੀਦਵਾਰ ਅਤੇ ਉਸ ਦੇ ਚੋਣ ਨਿਸ਼ਾਨ ਦਾ ਪਤਾ ਸੰਗਤਾਂ ਨੂੰ ਲੱਗ ਜਾਵੇ) ਤਿਆਰ ਕਰਵਾਏ ਜਾਣ। ਪ੍ਰਚਾਰ ਵਿੱਚ ਕਿਸੇ ਤਰ੍ਹਾਂ ਦਾ ਗੁਰਮਤਿ-ਵਿਰੋਧੀ ਕਰਮ ਜਾਂ ਨੀਵੇਂ ਪੱਧਰ ਦੀ ਦੂਸ਼ਣਬਾਜ਼ੀ ਬਿਲਕੁਲ ਨਾ ਕੀਤੀ ਜਾਵੇ। ਪੈਸੇ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ ਪਰ ਜੇ ਫੇਰ ਵੀ ਪੈਸੇ ਦੀ ਤੋਟ ਆ ਜਾਵੇ ਤਾਂ ਨਿਮਰਤਾ ਨਾਲ ਬੇਨਤੀ ਕਰ ਕੇ ਸੰਗਤਾਂ ਪਾਸੋਂ ਹੋਰ ਮਾਇਆ ਇਕੱਤਰ ਕਰ ਲਈ ਜਾਵੇ ਅਤੇ ਜੇ ਅੰਤ ਵਿੱਚ ਕੁਝ ਮਾਇਆ ਬਚ ਜਾਵੇ ਤਾਂ ਉਸ ਨੂੰ ਨਿਰੋਲ ਗੁਰਮਤਿ ਦੇ ਪ੍ਰਚਾਰ ਵਾਸਤੇ ਵਰਤ ਲਿਆ ਜਾਵੇ। ਉਮੀਦਵਾਰ ਉੱਤੇ ਕਿਸੇ ਤਰ੍ਹਾਂ ਦਾ ਵਿੱਤੀ ਬੋਝ ਨਾ ਪਾਇਆ ਜਾਵੇ। ਉਪਰੋਕਤ ਇਕੱਠੀਆਂ ਹੋਈਆਂ ਸੰਗਤਾਂ, ਹੋਰ ਸੰਗਤਾਂ ਦਾ ਸਹਿਯੋਗ ਲੈ ਕੇ, ਗਰੁੱਪ ਬਣਾਉਣ ਅਤੇ ਹਰ ਗੁਰਸਿੱਖ ਵੋਟਰ ਕੋਲ ਨਿੱਜੀ ਤੌਰ 'ਤੇ ਜਾ ਕੇ ਬੇਨਤੀ ਕਰਨ। ਅਕਾਲ ਪੁਰਖ ਵਾਹਿਗੁਰੂ ਅਤੇ ਸਤਿਗੁਰੂ ਦਾ ਪੂਰਾ ਓਟ-ਆਸਰਾ ਰੱਖਿਆ ਜਾਵੇ। ਇਸ ਸੱਚ ਦੀ ਜੱਦੋ-ਜਹਿਦ ਵਿੱਚ ਵਾਹਿਗੁਰੂ ਆਪ ਸਹਾਈ ਹੋਵੇਗਾ ਅਤੇ ਸੰਗਤ ਦੇ ਚੁਣੇ ਹੋਏ ਉਮੀਦਵਾਰਾਂ ਨੂੰ ਕਾਮਯਾਬੀ ਬਖਸ਼ ਕੇ ਆਪਣੀ ਸੇਵਾ ਵਿੱਚ ਲਾਵੇਗਾ। ਇਹੋ ਜੇਹੇ ਜਿੱਤ ਕੇ ਆਏ ਉਮੀਦਵਾਰਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਜਥੇਬੰਦਕ ਰੂਪ ਵਿੱਚ ਸੰਗਠਤ ਰੱਖਣ ਦਾ ਕੰਮ ਸ਼੍ਰੋਮਣੀ ਖ਼ਾਲਸਾ ਪੰਚਾਇਤ ਕਰੇਗੀ। ਇਸ ਮੰਤਵ ਦੀ ਪੂਰਤੀ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਵਾਲੇ ਹਰ ਪੰਥਕ ਉਮੀਦਵਾਰ ਨੂੰ ਆਪਣਾ ਨਾਮਜ਼ਦਗੀ-ਪੱਤਰ ਭਰਨ ਤੋਂ ਪਹਿਲਾਂ ਇਸ ਪਰਚੇ ਵਿੱਚ ਦਿੱਤਾ ਪ੍ਰਣ-ਪੱਤਰ ਦੇਣਾ ਪਵੇਗਾ।

**ਪੰਥਕ ਨਿਸ਼ਾਨੇ:**

ਗੁਰਸਿੱਖ ਸੰਗਤਾਂ ਦੇ ਸਹਿਯੋਗ ਅਤੇ ਸਤਿਗੁਰੂ ਜੀ ਦੀ ਮਿਹਰੰਮਤ ਨਾਲ ਸੰਗਤਾਂ ਦੇ ਚੁਣੇ ਹੋਏ ਪੰਥਕ ਉਮੀਦਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਹੁਗਿਣਤੀ ਵਿੱਚ ਆ ਗਏ ਤਾਂ ਉਹ ਹੇਠ ਲਿਖੇ ਪ੍ਰੋਗਰਾਮਾਂ ਅਨੁਸਾਰ ਢਾਂਚੇ ਵਿੱਚ ਤਬਦੀਲੀਆਂ ਲਿਆਉਣ ਲਈ ਵਚਨਬੱਧ ਹੋਣਗੇ:

1. ਨਿਰੋਲ ਸ਼ਬਦ-ਗੁਰੂ ਦਾ ਪ੍ਰਚਾਰ ਕੀਤਾ ਜਾਵੇਗਾ।
2. ਸ਼੍ਰੋਮਣੀ ਕਮੇਟੀ ਦੇ ਦਫ਼ਤਰਾਂ ਅਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਵਿੱਚੋਂ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਖ਼ਤਮ ਕਰਾਇਆ ਜਾਵੇਗਾ।
3. ਸੰਗਤਾਂ ਦੁਆਰਾ ਭਾਵ-ਭਿੰਨੀ ਸ਼ਰਧਾ ਨਾਲ ਭੇਟ ਕੀਤੀ ਮਾਇਆ ਦੀ ਲੁੱਟ ਅਤੇ ਦੁਰਵਰਤੋਂ ਪੂਰੀ ਤਰ੍ਹਾਂ ਬੰਦ ਕਰਵਾਈ ਜਾਵੇਗੀ ਅਤੇ ਇਸ ਦਾ ਸਦਉਪਯੋਗ ਕੇਵਲ ਹੇਠ ਲਿਖੇ ਅਤਿ ਜ਼ਰੂਰੀ ਕਾਰਜਾਂ ਵਾਸਤੇ ਕੀਤਾ ਜਾਣਾ ਯਕੀਨੀ ਬਣਾਇਆ ਜਾਵੇਗਾ:

ੳ. ਗੁਰਮਤਿ ਦੇ ਪ੍ਰਚਾਰ ਵਾਸਤੇ।

ਅ. ਵਿੱਦਿਆ ਦੇ ਪ੍ਰਸਾਰ ਵਾਸਤੇ।

ੲ. ਗੁਰਦੁਆਰਿਆਂ ਦੀ ਸੇਵਾ-ਸੰਭਾਲ ਵਾਸਤੇ।

ਸ. ਪੰਥਕ ਸੇਵਾ ਕਰਦੇ ਹੋਏ ਸੰਤਾਪ ਭੋਗ ਰਹੇ ਪਰਿਵਾਰਾਂ ਦੀ ਦੇਖ-ਭਾਲ ਵਾਸਤੇ।

ਹ. ਪੰਥ-ਦੋਖੀ ਸ਼ਕਤੀਆਂ ਦੇ ਟਾਕਰੇ ਲਈ।

ਕ. ਆਰਥਕ ਅਤੇ ਸਮਾਜਕ ਪੱਖੋਂ ਪਿਛੜੇ ਸਿੱਖਾਂ ਦੀ ਆਰਥਿਕ ਉੱਨਤੀ ਦੇ ਕਾਰਜਾਂ ਵਾਸਤੇ।

4. ਕੌਮੀ ਲੋੜ ਅਨੁਸਾਰ ਸੂਝਵਾਨ ਅਤੇ ਵਿਦਵਾਨ ਪ੍ਰਚਾਰਕ ਤਿਆਰ ਕਰਨ ਲਈ ਵਿਦਿਆਲੇ ਖੋਲੇ ਜਾਣਗੇ।

5. ਮੌਜੂਦਾ ਪ੍ਰਚਾਰਕਾਂ, ਗ੍ਰੰਥੀਆਂ ਅਤੇ ਸੇਵਾਦਾਰਾਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਦੇ ਕਾਰਜ ਵਿੱਚ ਇਕਸਾਰਤਾ ਲਿਆਉਣ ਲਈ ਪ੍ਰੋਗਰਾਮ ਉਲੀਕੇ ਜਾਣਗੇ।

6. ਨਿਰੋਲ ਪੰਥਕ ਟੀ.ਵੀ. ਚੈਨਲ ਅਤੇ ਪੰਥਕ ਪ੍ਰਿੰਟ-ਮੀਡੀਆ ਅਤੇ ਮਲਟੀ-ਮੀਡੀਆ ਤਿਆਰ ਕਰਵਾਇਆ ਜਾਵੇਗਾ ਤਾਂ ਜੋ ਅੱਜ ਦੇ ਯੁੱਗ ਮੁਤਾਬਕ ਪ੍ਰਚਾਰ ਕੀਤਾ ਜਾ ਸਕੇ।

7. ਪਿਛਲੇ ਦਿਨਾਂ ਵਿੱਚ ਇੱਕ ਸੋਚੀ-ਸਮਝੀ ਸਾਜ਼ਿਸ਼ ਅਧੀਨ ਅਨਮੋਲ ਸਿੱਖ ਵਿਰਸੇ ਦੀ ਬਰਬਾਦੀ ਕੀਤੀ ਗਈ ਹੈ। ਅੱਗੋਂ ਵਾਸਤੇ ਉਸ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਅਤੇ ਸਿੱਖ ਵਿਰਸੇ ਦੀ ਸੰਭਾਲ ਕਰਨ ਲਈ ਨਿੱਗਰ ਉਪਰਾਲੇ ਕੀਤੇ ਜਾਣਗੇ।

8. ਸਿੱਖ ਇਤਿਹਾਸ ਵਿੱਚ ਕੀਤੀ ਗਈ ਮਿਲਾਵਟ ਦੀ ਘੋਖ ਵਾਸਤੇ ਵਿਦਵਾਨਾਂ ਦੀ ਕਮੇਟੀ ਬਣਾਈ ਜਾਵੇਗੀ, ਜੋ ਸਿੱਖ ਇਤਿਹਾਸ ਵਿੱਚ ਫੈਲਾਏ ਗਏ ਪ੍ਰਦੂਸ਼ਨ ਨੂੰ ਬਾਹਰ ਕੱਢ ਕੇ ਨਿਰੋਲ ਸਿੱਖ ਇਤਿਹਾਸ ਉਜਾਗਰ ਕਰੇਗੀ।

9. ਕੇਂਦਰ ਅਤੇ ਸੂਬੇ ਦੀ ਸਰਕਾਰ ਤੇ ਜ਼ੋਰ ਪਾ ਕੇ ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿੱਚ ਰਹਿ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦਿਦਾਰੇ ਵਾਸਤੇ ਸੌਖੇ ਨੇਮ ਤਿਆਰ ਕਰਵਾਏ ਜਾਣਗੇ।

10. ਸਮੂਹ ਸੰਸਾਰ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਹੱਕਾਂ ਵਾਸਤੇ ਲੋੜੀਂਦੀ ਆਵਾਜ਼ ਬੁਲੰਦ ਕੀਤੀ ਜਾਵੇਗੀ ਅਤੇ ਕਾਰਵਾਈ ਕੀਤੀ ਜਾਵੇਗੀ।

11. ਪੰਥਕ ਫ਼ੈਸਲੇ ਕਰਨ ਵੇਲੇ ਹਰ ਤਰ੍ਹਾਂ ਦੀ ਧੜ੍ਹੇਬਾਜ਼ੀ ਤੋਂ ਉੱਪਰ ਉੱਠ ਕੇ ਵਿਸ਼ਵ ਸਿੱਖ ਭਾਈਚਾਰੇ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ।

12. ਸਿੱਖੀ ਵਿੱਚੋਂ ਪਤਿਤਪੁਣੇ, ਨਸ਼ਿਆਂ ਦੇ ਸੇਵਨ, ਭਰੂਣ-ਹੱਤਿਆ, ਦਹੇਜ ਦੀ ਲਾਹਨਤ, ਅਗਿਆਨਤਾ, ਵਿਹਲੜਪਨ ਅਤੇ ਭਰਮਜਾਲ ਖ਼ਤਮ ਕਰਵਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ।

13. ਰੋਜ਼ਗਾਰ ਦੇ ਸਾਧਨ ਵਧਾਉਣ ਲਈ ਉਪਰਾਲੇ ਕੀਤੇ ਜਾਣਗੇ।

14. ਸ਼੍ਰੋਮਣੀ ਕਮੇਟੀ ਅਧੀਨ ਤੇ ਹੋਰ ਪੰਥਕ ਸੰਸਥਾਵਾਂ ਦੇ ਨਾਂ ਹੇਠ ਚੱਲ ਰਹੇ ਵਿਦਿਅਕ ਅਦਾਰੇ ਅਤੇ ਸੰਸਥਾਵਾਂ ਵਿੱਚ ਗੁਰਮਤਿ ਦਾ ਮਾਹੌਲ ਤਿਆਰ ਕਰਨ, ਸਿਸਟਮ ਵਿੱਚ ਇਕਸਾਰਤਾ ਲਿਆਉਣ, ਵਿੱਦਿਆ ਦਾ ਮਿਆਰ ਉੱਚਾ ਚੁੱਕਣ, ਵਿਦਿਆਰਥੀਆਂ ਵਿੱਚ ਇਖਲਾਕੀ ਗੁਣ ਪੈਦਾ ਕਰਨ ਤੇ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਾਸਤੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ ਅਤੇ ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਇੱਕ ਸਾਂਝਾ ਕੌਮੀ ਸਰਮਾਇਆ ਬਣਾਉਣ ਲਈ ਉਪਰਾਲੇ ਕੀਤੇ ਜਾਣਗੇ।

15. ਸ਼੍ਰੋਮਣੀ ਕਮੇਟੀ ਹਰ ਚੁਣੌਤੀ ਅਤੇ ਪੰਥ-ਦੋਖੀ ਸ਼ਕਤੀਆਂ ਦਾ ਟਾਕਰਾ ਕਰਨ ਵਾਸਤੇ ਤਤਪਰ ਰਹੇਗੀ ਪਰ ਇਸ ਵਿੱਚ ਧੜੇਬੰਦੀ ਅਧਾਰਤ ਸਿਆਸੀਕਰਣ ਨਹੀਂ ਹੋਣ ਦਿੱਤਾ ਜਾਵੇਗਾ।

16. ਉੱਚ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਪੂਰੀ ਤਰ੍ਹਾਂ ਬੰਦ ਕਰਵਾਈ ਜਾਵੇਗੀ ਅਤੇ ਇਨ੍ਹਾਂ ਦਾ ਪੂਰਨ ਗੁਰਮਤਿ-ਸਿਧਾਂਤਾਂ ਅਨੁਸਾਰ ਕਾਰਜ ਕਰਨਾ ਯਕੀਨੀ ਬਣਾਇਆ ਜਾਵੇਗਾ।

17. ਇੱਕ ਯੂਨੀਵਰਸਟੀ ਪੱਧਰ ਦਾ ਅਦਾਰਾ ਕਾਇਮ ਕੀਤਾ ਜਾਵੇਗਾ ਜੋ ਗੁਰਮਤਿ ਦੇ ਸਮੂਹ ਵਿਦਿਆਲਿਆਂ ਨੂੰ ਇੱਕ ਸਿਸਟਮ ਵਿੱਚ ਪਰੋ ਕੇ ਅਲੱਗ-ਅਲੱਗ ਪੱਧਰ ਦੇ ਗੁਰਮਤਿ ਵਿੱਦਿਆ ਦੇ ਕੋਰਸਾਂ ਨੂੰ ਉਤਸ਼ਾਹਤ ਕਰੇਗਾ। ਇਹ ਅਦਾਰਾ ਸਵੈ-ਸ਼ਾਸਤ ਅਤੇ ਉੱਚ ਅਧਿਕਾਰਾਂ ਵਾਲਾ ਹੋਵੇਗਾ।

18. ਗੁਰਮਤਿ ਪ੍ਰਚਾਰਕਾਂ ਦੇ ਆਰਥਕ ਅਤੇ ਆਮ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਪ੍ਰਭਾਵਕਾਰੀ ਉਪਰਾਲੇ ਕੀਤੇ ਜਾਣਗੇ।

## ਪ੍ਰਣ-ਪੱਤਰ

ਮੈਂ............................................ਪੁੱਤਰ/ਸਪੁੱਤਰੀ/ਪਤਨੀ ਸ੍. ........................ ਵਾਸੀ................................ ਪੰਥਕ ਉਮੀਦਵਾਰ ਇਲਾਕਾ ............................... ਇਹ ਪ੍ਰਣ ਕਰਦਾ/ਕਰਦੀ ਹਾਂ ਕਿ ਮੇਰੇ ਇਲਾਕੇ ਦੀਆਂ ਸੰਗਤਾਂ ਦੀਆਂ ਸ਼ੁੱਭ ਇਛਾਵਾਂ ਨਾਲ ਵਾਹਿਗੁਰੂ ਜੀ ਨੇ ਮੈਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਸੇਵਾ ਬਖਸ਼ੀ, ਤਾਂ ਮੈਂ :

1. ਇਹ ਸੇਵਾ ਪੂਰੀ ਤਨਦੇਹੀ ਨਾਲ ਨਿਭਾਵਾਂਗਾ।
2. ਆਪਣੇ ਇਲਾਕੇ ਵਿੱਚ ਅਤੇ ਪੰਥਕ ਸਫ਼ਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਪਾਵਨ ਵਿਚਾਰਧਾਰਾ ਨੂੰ ਪ੍ਰਚਾਰਨ ਲਈ ਪੂਰੀ ਤਰ੍ਹਾਂ ਸਮਰਪਤ ਰਹਾਂਗਾ।
3. ਪੰਥ ਦੀ ਚੜ੍ਹਦੀ ਕਲਾ ਅਤੇ ਪੰਥ-ਦੋਖੀਆਂ ਦੇ ਟਾਕਰੇ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਰਹਾਂਗਾ।
4. ਗੁਰੂ ਕੀ ਗੋਲਕ ਦੀ ਨਾਂ ਆਪ ਦੁਰਵਰਤੋਂ ਕਰਾਂਗਾ ਅਤੇ ਨਾ ਕਿਸੇ ਨੂੰ ਕਰਨ ਦੇਵਾਂਗਾ।
5. ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਦਾ ਪ੍ਰਬੰਧ ਸਿੱਖ ਰਹਿਤ

ਮਰਿਆਦਾ ਅਨੁਸਾਰ ਕਰਵਾਉਣ ਲਈ ਨਿਰੰਤਰ ਉਪਰਾਲੇ ਕਰਦਾ ਰਹਾਂਗਾ।

6. ਧੜੇਬਾਜ਼ੀਆਂ ਤੋਂ ਨਿਰਲੇਪ ਹੋਕੇ ਸਿਰਫ਼ ਗੁਰੂ ਦੇ ਧੜੇ ਨੂੰ ਸਮਰਪਤ ਰਹਾਂਗਾ।

7. ਉੱਪਰ ਦਿੱਤੇ ਪੰਥਕ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਸਦਾ ਤਤਪਰ ਰਹਾਂਗਾ।

8. ਜੇ ਮੇਰੇ ਇਲਾਕੇ ਦੀ ਸੰਗਤ ਮੇਰੇ ਕੰਮ ਤੋਂ ਸੰਤੁਸ਼ਟ ਨਹੀਂ ਹੋਵੇਗੀ, ਤਾਂ ਉਨ੍ਹਾਂ ਨੂੰ ਮੈਨੂੰ ਵਾਪਸ ਬੁਲਾਉਣ ਦਾ ਅਧਿਕਾਰ ਹੋਵੇਗਾ।

ਦਸਤਖ਼ਤ (ਉਮੀਦਵਾਰ)

| | |
|---|---|
| ਗਵਾਹ ਨੰ: 1 | ਗਵਾਹ ਨੰ: 2 |
| ਦਸਤਖ਼ਤ | ਦਸਤਖ਼ਤ |
| ਨਾਮ/ਪਤਾ | ਨਾਮ/ਪਤਾ |

**ਪੰਥ-ਦਰਦੀਆਂ ਨੂੰ ਅਪੀਲ:**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ ਉਪਰੋਕਤ ਤਰੀਕਾ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਅਤੇ ਪੰਥਕ ਹਿਤਾਂ ਵਿੱਚ ਤਿਆਰ ਕੀਤਾ ਗਿਆ ਹੈ ਪਰ ਕਿਉਂਕਿ ਜੋ ਕੁਝ ਹੁਣ ਤੱਕ ਹੁੰਦਾ ਰਿਹਾ ਹੈ ਉਸ ਨੂੰ ਵੇਖਦਿਆਂ ਇਹ ਸ਼ਾਇਦ ਕੁਝ ਓਪਰਾ ਜਾਪੇਗਾ। ਜਿੱਥੇ ਖ਼ਾਲਸਾ ਪੰਚਾਇਤਾਂ ਇਸ ਨੂੰ ਅਮਲੀ ਬਣਾਉਣ ਲਈ ਉਪਰਾਲੇ ਕਰਨਗੀਆਂ, ਓਥੇ ਸਮੂਹ ਪੰਥਕ ਜਥੇਬੰਦੀਆਂ, ਸੰਸਥਾਵਾਂ, ਪੰਥ ਦਰਦੀ ਸ਼ਖ਼ਸੀਅਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਅੱਗੇ ਆ ਕੇ ਸੰਗਤਾਂ ਦੀਆਂ ਮੀਟਿੰਗਾਂ ਕਰਵਾ ਕੇ ਉਮੀਦਵਾਰਾਂ ਦੀ ਚੋਣ ਕਰਾਉਣ ਵਿੱਚ ਸਹਾਇਤਾ ਕਰ ਕੇ ਧੰਨਵਾਦੀ ਬਣਾਉਣ। ਸੰਭਾਵੀ ਉਮੀਦਵਾਰਾਂ ਦੇ ਨਾਂ ਅਤੇ ਗੁਣਾਂ ਦਾ ਵੇਰਵਾ ਅਤੇ ਪ੍ਰਣ-ਪੱਤਰ ਦਸਤਖ਼ਤ ਕਰਵਾ ਕੇ ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਦਫ਼ਤਰ ਭੇਜਣ ਦੀ ਖੇਚਲ ਕਰਨ ਅਤੇ ਇਨ੍ਹਾਂ ਪੰਥਕ ਉਮੀਦਵਾਰਾਂ ਦੀ ਕਾਮਯਾਬੀ ਲਈ ਜੁਟ ਜਾਣ। ਸਮੇਂ ਸਿਰ ਇਨ੍ਹਾਂ ਦਾ ਨਾਮਾਂਕਣ ਕਰਾਉਣਾ ਵੀ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ। ਵਧੇਰੇ ਜਾਣਕਾਰੀ ਅਤੇ ਸਹਿਯੋਗ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕੀਤਾ ਜਾਵੇ।

**ਸ਼੍ਰੋਮਣੀ ਖ਼ਾਲਸਾ ਪੰਚਾਇਤ**

**193, ਸੈਕਟਰ 45-ਏ, ਚੰਡੀਗੜ੍ਹ।**

**ਟੈਲੀਫ਼ੋਨ:** 0172-2661607, 2600686, **ਮੋਬਾਈਲ:** 98141 04726, 98140 00556, 98146 61984, 98152 92643

*****

## ਨਕਲੀ ਬਾਬੇ

ਜਿਧਰ ਵੇਖੀਏ ਕਾਰਾਂ ਵਿੱਚ ਫਿਰਨ ਬਾਬੇ, ਹੜ੍ਹ ਬਾਬਿਆਂ ਦਾ ਅੱਜ ਆਇਆ ਏ।
ਖੁੰਬਾਂ ਨਾਲੋਂ ਵੀ ਉੱਗ ਪਏ ਵੱਧ ਬਾਬੇ, ਕੇਹਾ ਰੁੱਤ ਨੇ ਰੰਗ ਵਟਾਇਆ ਏ।
'ਨੀਲੇ ਤਾਰੇ' 'ਚ ਕਿਤੇ ਨਾ ਇਹ ਦਿੱਸੇ, ਆਪਾ ਪਤਾ ਨਹੀਂ ਕਿੱਥੇ ਛੁਪਾਇਆ ਏ।
ਜਰਨੈਲ ਸਿੰਘ ਓਦੋਂ ਭਿੰਡਰਾਂ ਵਾਲੇ ਨੇ ਹੀ ਸੀਸ ਆਪਣਾ ਧਰਮ ਲਈ ਲਾਇਆ ਏ।

## ਮਿੱਤਰ ਪਿਆਰੇ

ਬੀ.ਜੇ.ਪੀ. ਹੈ ਭਿਆਲ ਅਕਾਲੀਆਂ ਦੀ, ਕਿਹੋ ਜਿਹਾ ਪੰਜਾਬ ਨਾਲ ਹਿਤ ਯਾਰੋ।
ਅਸੀਂ ਇਹਨਾਂ ਲਈ ਜਾਨ ਵਾਰ ਦੇਈਏ, ਮਿਲਦਾ ਇਹਨਾਂ ਦਾ ਨਾ ਅੰਦਰੋਂ ਚਿੱਤ ਯਾਰੋ।
ਖੋਟ ਅੰਦਰੋਂ ਦਿਲ ਦਾ ਨਹੀਂ ਜਾਂਦਾ, ਅੰਦਰ ਭਰਿਆ ਹੈ ਨਾਲ ਘਤਿਤ ਯਾਰੋ।
ਬੋਲੀ ਆਪਣੀ ਵੱਖਰੀ ਬੋਲਦੇ ਨੇ, ਸਾਡੇ ਕਿੰਨੇ ਪਿਆਰੇ ਨੇ ਮਿੱਤ ਯਾਰੋ।

*ਮੱਖਣ ਸਿੰਘ ਸਾਥੀ ਜੋੜਵੀ*

## ਪਾਠਕ ਸੱਜਣਾਂ ਦੇ ਧਿਆਨ ਹਿਤ

ਗੁਰਦੁਆਰਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਖ਼ਾਲਸਾ ਪੰਚਾਇਤ ਵੱਲੋਂ ਭੇਜੇ ਗਏ ਸੁਝਾਵਾਂ ਨੂੰ ਛਾਪਣਾ ਜ਼ਰੂਰੀ ਸੀ। ਇਸ ਲਈ ਜਗ੍ਹਾ ਦੀ ਘਾਟ ਕਾਰਣ ਸ੍ਰ. ਜਗਜੀਤ ਸਿੰਘ ਦੀ ਪੁਸਤਕ **'ਜਾਤ ਪਾਤ ਤੇ ਸਿੱਖ'** ਦਾ ਲੜੀਵਾਰ ਪ੍ਰਕਾਸ਼ਨ ਜੂਨ ਅੰਕ ਵਿੱਚ ਨਹੀਂ ਹੋ ਸਕਿਆ।

## ਸਿੰਘ ਸਭਾ ਇੰਟਰਨੈਸ਼ਨਲ ਵੱਲੋਂ ਸੰਨ 2004 ਦੀਆਂ ਪ੍ਰਸਤਾਵਿਤ ਕਾਨਫ਼ਰੰਸਾਂ ਦਾ ਵੇਰਵਾ

**ਸਤੰਬਰ 18 ਤੇ 19 — ਪੱਛਮੀ ਕੈਨੇਡਾ**
**ਸਤੰਬਰ 25 ਤੇ 26 — ਟੋਰੌਂਟੋ, ਕੈਨੇਡਾ**
**ਅਕਤੂਬਰ 2 ਤੇ 3 — ਫਿਲੇਡੈਲਫ਼ੀਆ, ਅਮਰੀਕਾ**
**ਅਕਤੂਬਰ 9 ਤੇ 10 — ਲੰਡਨ, ਯੂ.ਕੇ.**
**ਅਕਤੂਬਰ 16 ਤੇ 17 — ਸਿਡਨੀ, ਆਸਟ੍ਰੇਲੀਆ**
**ਅਕਤੂਬਰ 23 ਤੇ 24 — ਦੱਖਣ-ਪੂਰਬੀ ਏਸ਼ੀਆ**
**ਨਵੰਬਰ 14 ਤੇ 15 — ਪੰਜਾਬ, ਭਾਰਤ**

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਗੁਰਤੇਜ ਸਿੰਘ ਦੁਆਰਾ, ਸਵੀਤਾਰ ਪ੍ਰੈਸ, 819-20, ਇੰਡਸਟਰੀਅਲ ਏਰੀਆ, ਚੰਡੀਗੜ੍ਹ ਤੋਂ ਛਪਵਾ ਕੇ ਐਸ.ਸੀ.ਓ. 60-61, ਸੈਕਟਰ 17-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ ਗਿਆ।